# 2023-24 ਦੌਰਾਨ ਸਾਂਝੇ ਤੌਰ 'ਤੇ (ਕਿਸੇ ਵਿਭਾਗ ਨਾਲ ਮਿਲ ਕੇ)

# ਜਾਂ ਇਕਹਰੇ ਪੱਧਰ 'ਤੇ

# ਪੰਜਾਬੀ ਸਾਹਿਤ ਸਭਾ,

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ

# ਕਰਵਾਈਆਂ ਗਤੀਵਿਧੀਆਂ



-

ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ - ਡਾ. ਜਗਜੀਤ ਸਿੰਘ

ਪੰਜਾਬੀ ਸਾਹਿਤ ਸਭਾ ਦੇ ਹੋਰ ਮੈਂਬਰ-

| | |
|---|---|
| ਸਰਪ੍ਰਸਤ | ਡਾ. ਜਗਜੀਤ ਸਿੰਘ |
| ਪ੍ਰਧਾਨ | ਸੁਖਦੇਵ ਸਿੰਘ, ਬੀ. ਐੱਡ. ਸਮੈਸਟਰ ਤੀਜਾ, ਰੋਲ ਨੰਬਰ 446 |
| ਮੀਤ ਪ੍ਰਧਾਨ | ਰਿਤੂ ਵੈਦ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 23026 |
| ਜਰਨਲ ਸਕੱਤਰ | ਅਮਨਜੋਤ ਸਿੰਘ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 467 |
| ਪ੍ਰੈੱਸ ਸਕੱਤਰ | ਆਂਚਲ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 23005 |
| ਮੈਂਬਰ | ‘ਪੰਜਾਬੀ ਅਧਿਆਪਨ’ ਪੜ੍ਹਨ ਵਾਲੇ ਸਾਰੇ ਵਿਦਿਆਰਥੀ |

# ਪੰਜਾਬੀ ਸਾਹਿਤ ਸਭਾ ਦੇ ਉਦੇਸ਼

1) ਪੰਜਾਬੀ ਸਾਹਿਤ ਸਭਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਵੱਧ ਤੋਂ ਵੱਧ ਵਿਕਾਸ ਕਰਨ ਲਈ ਪੰਜਾਬੀ ਵਿੱਚ ਸਾਹਿਤ ਰੁਚੀ ਵਿੱਚ ਰੱਖਣ ਵਾਲੇ ਸਕੂਲੀ ਅਤੇ ਕਾਲਜ ਦੇ ਵਿਦਿਆਰਥੀ, ਪੰਜਾਬੀ ਸਾਹਿਤ ਦੇ ਭਵਿੱਖ ਨਿਰਮਾਤਾ ਅਤੇ ਨਵੇਂ ਪੁੰਗਰ ਰਹੇ ਲੇਖਕਾਂ ਨੂੰ ਸਾਹਿਤ ਦੀ ਹਰ ਵਿਧਾ ਬਾਰੇ ਯੋਗ ਤੇ ਸਾਰਥਕ ਸੇਧ ਦੇਣੀ ਹੈ।

2)ਵਿਦਿਆਰਥੀਆਂ ਦੀ ਹੱਥ ਲਿਖਤ ਨੂੰ ਸੁਲੇਖ ਮੁਕਾਬਲੇ ਦੁਆਰਾ ਨਿਖਾਰਨਾ।

3)ਵਿਦਿਆਰਥੀਆਂ ਦੀਆਂ ਸਾਹਿਤਿਕ ਉਪਲੱਬਧੀਆਂ 'ਤੇ ਕਿਤਾਬਾਂ ਆਦਿ ਇਨਾਮ ਦੇ ਤੌਰ 'ਤੇ ਦੇਣੀਆਂ।

4)ਵੱਖ ਵੱਖ ਕਾਲਜ ਅਤੇ ਯੂਨੀਵਰਸਿਟੀਆਂ ਤੋਂ ਆਪਣੇ ਵਿਸ਼ੇ ਦੇ ਮਾਹਰ (ਜਿਵੇਂ ਪੰਜਾਬੀ ਭਾਸ਼ਾ, ਧਰਮ ਆਦਿ ) ਤੋਂ ਵਿਸ਼ੇਸ਼ ਲੈਕਚਰ ਕਰਵਾਉਣੇ।

| ਲੜੀ ਨੰਬਰ | ਮਿਤੀ | ਗਤੀਵਿਧੀਆਂ |
|---|---|---|
| 1 | 22-09-2023-29-09-2023 | ਪੰਜਾਬੀ ਵਿਭਾਗ ਅਤੇ ਸਕਾਲਰਸ਼ਿਪ ਸੈੱਲ ਵੱਲੋਂ ਸਕਾਲਰਸ਼ਿਪ ਅਵੇਅਰਨੈੱਸ ਵੀਕ ਮਨਾਇਆ ਗਿਆ |
| 2 | 28-09-2023 | ਪੰਜਾਬੀ ਸਾਹਿਤ ਸਭਾ ਦੇ ਉੱਦਮ ਸਦਕਾ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰ ਕੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ116ਵਾਂ ਜਨਮ ਦਿਨ ਮਨਾਇਆ |
| 3 | 14-10-2023 | ਜੀ. ਐੱਚ. ਜੀ. ਖ਼ਾਲਸਾ ਕਾਲਜ ਵੱਲੋਂ Zing 'n' Zeal Inter-School Multi-talent Contest ਵਿੱਚ ਜੱਜਮੈਂਟ ਦੀ ਭੂਮਿਕਾ ਨਿਭਾਈ |
| 4 | 20-11-2023 | ਜੀ. ਐੱਚ. ਜੀ. ਖ਼ਾਲਸਾ ਕਾਲਜਿਜ਼ ਵੱਲੋਂ ਬੰਦੀ ਛੋੜ ਕੀਰਤਨ ਦਰਬਾਰ ਵਿਚ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਅਤੇ ਵਿਦਿਆਰਥੀਆਂ ਨੇ ਰਸ-ਭਿੰਨ ਕੀਰਤਨ ਕੀਤਾ |
| 5 | 16-11-2023 | ਨਵੰਬਰ 2023 ਨੂੰ ਪੰਜਾਬੀ ਮਹੀਨੇ ਵਜੋਂ ਮਨਾਉਂਦੇ ਹੋਏ ਸਲਾਨਾ ਐਲੂਮਨੀ ਐਸੋਸੀਏਸ਼ਨ ਮਿਲਣੀ ਦੇ ਸਹਿਯੋਗ ਨਾਲ ਕਵੀ ਦਰਬਾਰ ਕਰਵਾਇਆ ਗਿਆ |
| 6 | 10-11-2023 | ਸਧਾਰ ਕਾਲਜ ਵਿਖੇ ਕਾਲਜ ਦੀ ਪੰਜਾਬੀ-ਅੰਗਰੇਜ਼ੀ ਭਾਸ਼ਾ ਕਲੱਬ ਦੇ ਉੱਦਮ ਸਦਕਾ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ ਗਿਆ |
| 7 | 11-12-2023 | ਜੀ.ਐਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸਧਾਰ ਨੇ ਯੂਨੀਸੈਫ ਦਿਵਸ ਮਨਾਇਆ |



-

| | | |
|---|---|---|
| 8 | 15-02-2024 | ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਜ਼ੋਨ ਵੱਲੋਂ ਯੁਵਕ ਮੇਲੇ ਵਿੱਚ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ ਅਤੇ ਸ਼ਬਦ ਗਾਇਣ ਮੁਕਾਬਲਿਆਂ ਵਿੱਚੋਂ ਇਨਾਮ ਹਾਸਲ ਕੀਤੇ |
| 9 | 21-02-2024 | ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਦੇ ਪੰਜਾਬੀ ਵਿਭਾਗ ਅਤੇ ਐੱਮ. ਆਈ. ਈ. ਆਰ. ਕਾਲਜ ਆਫ਼ ਐਜੂਕੇਸ਼ਨ, ਜੰਮੂ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨਾਂ ਨੇ ਸਾਂਝੇ ਤੌਰ 'ਤੇ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ |
| 10 | 11-03-2024 | ਜੀ.ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵਿਖੇ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ |
| 11 | 13-03-2024 | ਪੰਜਾਬੀ ਵਿਭਾਗ ਵੱਲੋਂ ਸ. ਬਖਤਾਵਰ ਸਿੰਘ ਗਿੱਲ ਯਾਦਗਾਰੀ ਸਮਾਗਮ ਦੌਰਾਨ ਸ਼ਬਦ ਗਾਇਨ, ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਖ਼ੂਨ ਦਾਨ |

G.H.G. KHALSA COLLEGE OF EDUCATION, GURUSAR SADHAR, LUDHIANA
SINCE 1955



-

## 22-09-2023-29-09-2023

# ਪੰਜਾਬੀ ਵਿਭਾਗ ਅਤੇ ਸਕਾਲਰਸ਼ਿਪ ਸੈੱਲ ਵੱਲੋਂ ਸਕਾਲਰਸ਼ਿਪ ਅਵੇਅਰਨੈੱਸ ਵੀਕ ਮਨਾਇਆ ਗਿਆ

ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਅਤੇ ਸਕਾਲਰਸ਼ਿਪ ਸੈੱਲ ਦੇ ਇੰਚਾਰਜ ਡਾ. ਰਮਨਦੀਪ ਕੌਰ ਸਿੱਧੂ ਵੱਲੋਂ ਵਿਦਿਆਰਥੀਆਂ ਨੂੰ ਸਰਕਾਰ ਅਤੇ ਐਨ.ਜੀ.ਓ. ਵੱਲੋਂ ਦਿੱਤੀਆਂ ਜਾਣ ਵਾਲੀਆਂ ਵਿੱਤੀ ਮਦਦਾਂ ਲਈ ਵਿਦਿਆਰਥੀਆਂ ਲਈ ਸਕਾਲਰਸ਼ਿਪ ਅਵੇਅਰਨੈੱਸ ਵੀਕ ਮਨਾਇਆ ਗਿਆ ਜਿਸ ਵਿੱਚ ਡਾ. ਰਮਨਦੀਪ ਕੌਰ ਜੀ ਨੇ ਐੱਸ. ਸੀ., ਐੱਸ. ਟੀ., ਓ. ਬੀ. ਸੀ., ਆਦਿ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਕਾਲਰਸ਼ਿਪਾਂ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਵਿਦਿਆਰਥੀਆਂ ਨੇ ਆਨਲਾਈਨ ਅਪਲਾਈ ਕਰਨ ਵੇਲੇ ਆਉਣ ਵਾਲੀਆਂ ਸਮੱਸਿਆਵਾਂ ਪੁੱਛੀਆਂ ਜਿਸ ਦਾ ਹੱਲ ਨਾਲ ਦੀ ਨਾਲ ਡਾ. ਰਮਨਦੀਪ ਕੌਰ ਨੇ ਦਿੱਤਾ। ਇੰਚਾਰਜ ਸਾਹਿਬਾਨਾਂ ਨੇ ਕੁਝ ਜ਼ਰੂਰੀ ਦਸਤਾਵੇਜ਼ ਜਿਵੇਂ ਕਿ ਹਲਫ਼ੀਆ ਬਿਆਨ, ਫ਼੍ਰੀਸ਼ਿੱਪ ਕਾਰਡ, ਅਧਾਰ ਕਾਰਡ ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।



-


GPS Map Came
Sudhar, Punjab, India
QJHR+5VF, opp. ghg khalsa college, near civil hospital, Sudhar, Punjab 14110
India
Lat 30.778035°
Long 75.642228°
29/09/23 01:08 PM GMT +05:30
Google


Discussion about
Post Matric Scholarship
in
Scholarship Awareness Week
22-09-2023 to 29-09-2023
at Media Lab
GHG Khalsa College of Education, Gurusar Sadhar, Ludhinana



-

28-09-2023

**ਪੰਜਾਬੀ ਸਾਹਿਤ ਸਭਾ ਦੇ ਉੱਦਮ ਸਦਕਾ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰ ਕੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ116ਵਾਂ ਜਨਮ ਦਿਨ ਮਨਾਇਆ**

ਜੀ. ਐੱਚ. ਜੀ.ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਿਖੇ ਸ਼ਹੀਦ ਭਗਤ ਸਿੰਘ ਦੇ 116ਵੇਂ ਜਨਮ ਦਿਵਸ ਮਨਾਇਆ ਗਿਆ। ਕਾਲਜ ਦੀ ਪੰਜਾਬੀ ਸਾਹਿਤ ਸਭਾ ਦੇ ਉੱਦਮ ਸਦਕਾ 10.00 ਵਜੇ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰਵਾਇਆ ਗਿਆ, ਜਿਸ ਦਾ ਵਿਸ਼ਾ 'ਭਗਤ ਸਿੰਘ ਵਿਚਾਰਧਾਰਾਈ ਪਰਿਪੇਖ' ਸੀ। ਇਸ ਮੌਕੇ ਜੀ. ਐੱਚ. ਜੀ.ਖ਼ਾਲਸਾ ਕਾਲਜ ਦੇ ਇਤਿਹਾਸ ਵਿਭਾਗ ਤੋਂ ਡਾ. ਬਲਜੀਤ ਸਿੰਘ ਵਿਰਕ ਵਿਸ਼ੇਸ਼ ਬੁਲਾਰੇ ਵਜੋਂ ਪਹੁੰਚੇ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਗੁਲਦਸਤਾ ਭੇਂਟ ਕਰਦੇ ਹੋਏ ਡਾ. ਵਿਰਕ ਨੂੰ 'ਜੀ ਆਇਆਂ' ਕਿਹਾ। ਕਾਲਜ ਦੇ ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਅੱਜ ਦੇ ਮੁੱਖ ਮਹਿਮਾਨ ਨਾਲ ਸਭ ਨੂੰ ਰੂ-ਬ-ਰੂ ਕਰਵਾਇਆ ਅਤੇ ਅੱਜ ਦੇ ਵਿਸ਼ੇਸ਼ ਲੈਕਚਰ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਵਿਰਕ ਨੇ ਕਿਹਾ ਕਿ ਸ. ਭਗਤ ਸਿੰਘ ਪੂਜਣ ਵਾਲਾ ਨਹੀਂ ਸਗੋਂ ਵਿਚਾਰਨ ਵਾਲਾ ਹੈ। ਉਹ ਧਰਮ ਨੂੰ ਨਾ ਮੰਨ ਕੇ ਵੀ ਅਸੂਲਾਂ ਤੇ ਚੱਲਣ ਵਾਲਾ ਇਨਸਾਨ ਹੈ, ਜਿਸ ਦੇ ਵਿਚਾਰ ਅੱਜ ਵੀ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ। ਬਹੁਤ ਸਾਰੀਆਂ ਭਾਸ਼ਾਵਾਂ ਦਾ ਜਾਣਕਾਰ ਸ. ਭਗਤ ਸਿੰਘ ਬਹੁਤ ਹੀ ਵਿਗਿਆਨਕ ਸੋਚ ਰੱਖਦਾ ਅਤੇ ਆਪਣੇ ਅਸੂਲਾਂ ਦਾ ਪੱਕਾ ਸੀ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਕਿਹਾ ਕਿ ਭਗਤ ਸਿੰਘ ਇਕ ਵਿਚਾਰਧਾਰਾ ਦਾ ਨਾਮ ਹੈ। ਭਗਤ ਸਿੰਘ ਇਕ ਸੋਚ ਹੈ ਜੋ ਗਿਆਨ ਵੰਡਦੀ ਹੈ। ਇਸ ਤੋਂ ਬਾਅਦ ਪ੍ਰਿੰਸੀਪਲ ਸਾਹਿਬ ਨੇ ਅੱਜ ਦੇ ਮੁੱਖ ਬੁਲਾਰੇ ਡਾ. ਬਲਜੀਤ ਸਿੰਘ ਵਿਰਕ ਜੀ ਦਾ ਧੰਨਵਾਦ ਕੀਤਾ।

ਦੁਪਹਿਰ ਤੋਂ ਬਾਅਦ ਲਾਇਬ੍ਰੇਰੀ ਵਿਭਾਗ ਤੋਂ ਸ. ਜਗਤਾਰ ਸਿੰਘ ਜੀ ਅਤੇ ਸ. ਹਰਦੀਪ ਸਿੰਘ ਵਲੋਂ ਪੁਸਤਕ ਪ੍ਰਦਰਸ਼ਨੀ ਵੀ ਕਰਵਾਈ ਗਈ, ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਸ. ਭਗਤ ਸਿੰਘ ਜੀ ਦੇ ਜੀਵਨ, ਉਨ੍ਹਾਂ ਦੀ ਫ਼ਿਲਾਸਫੀ, ਸੋਚ ਆਦਿ ਨਾਲ ਸੰਬੰਧਿਤ ਪੁਸਤਕਾਂ ਸ਼ਾਮਲ ਸਨ। ਸਮੁੱਚੇ ਪ੍ਰੋਗਰਾਮ ਦੌਰਾਨ ਮੰਚ ਦਾ ਸੰਚਾਲਨ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਨੇ ਕੀਤਾ । ਅਖੀਰ ਵਿੱਚ ਰਾਸ਼ਟਰੀ ਗੀਤ ਦੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।



-


ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਦੀ
http://www.ghgcollegesadhar.org
ਪੰਜਾਬੀ ਸਾਹਿਤ ਸਭਾ
ਵਲੋਂ
ਸਰਦਾਰ ਭਗਤ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ
ਵਿਸ਼ੇਸ਼ ਲੈਕਚਰ
ਭਗਤ ਸਿੰਘ : ਵਿਚਾਰਧਾਰਾਈ ਪਰਿਪੇਖ
ਮਿਤੀ 28-09-2023 ਨੂੰ
(ਸਮਾਂ - 10.30 ਵਜੇ, ਸਥਾਨ- ਬਖ਼ਤਾਵਰ ਸਿੰਘ ਗਿੱਲ ਹਾਲ ਵਿਖੇ)
ਕਰਵਾਇਆ ਜਾ ਰਿਹਾ ਹੈ।
ਮੁੱਖ ਬੁਲਾਰੇ
ਡਾ. ਬਲਜੀਤ ਸਿੰਘ ਵਿਰਕ
ਸਹਾਇਕ ਪ੍ਰੋਫ਼ੈਸਰ, ਪੀ. ਜੀ. ਇਤਿਹਾਸ ਵਿਭਾਗ,
ਜੀ. ਐੱਚ. ਜੀ. ਖ਼ਾਲਸਾ ਕਾਲਜ,
ਗੁਰੂਸਰ ਸਧਾਰ, ਲੁਧਿਆਣਾ।
ਮੁਖੀ ਸਰਪ੍ਰਸਤ
ਡਾ. ਪਰਗਟ ਸਿੰਘ ਗਰਚਾ
ਪ੍ਰਿੰਸੀਪਲ,
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ
ਆਯੋਜਕ
ਡਾ. ਜਗਜੀਤ ਸਿੰਘ
ਸਹਾਇਕ ਪ੍ਰੋਫ਼ੈਸਰ (ਪੰਜਾਬੀ ਵਿਭਾਗ),
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ




GHG Khalsa College of Education
Gurusar Sadhar, Distt. Ludhiana (PUNJAB) 141104


GHG Khalsa College of Education
Estd. 1955
Gurusar Sadhar, Distt. Ludhiana (PUNJAB) 141104



-

**14-10-2023**

**ਜੀ. ਐੱਚ. ਜੀ. ਖ਼ਾਲਸਾ ਕਾਲਜ ਵੱਲੋਂ Zing 'n' Zeal Inter-School Multi-talent Contest ਵਿੱਚ ਜੱਜਮੈਂਟ ਦੀ ਭੂਮਿਕਾ ਨਿਭਾਈ**

ਜੀ. ਐੱਚ. ਜੀ. ਖ਼ਾਲਸਾ ਕਾਲਜ ਵੱਲੋਂ Zing 'n' Zeal Inter-School Multi-talent Contest ਕਰਵਾਇਆ ਗਿਆ, ਜਿਸ ਵਿੱਚ ਲੋਕ-ਗੀਤਾਂ ਦੇ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਨੇ ਜੱਜਮੈਂਟ ਦੀ ਭੂਮਿਕਾ ਨਿਭਾਈ।






-

**20-11-2023**

**ਜੀ. ਐੱਚ. ਜੀ. ਖ਼ਾਲਸਾ ਕਾਲਜਿਜ਼ ਵੱਲੋਂ ਬੰਦੀ ਛੋੜ ਕੀਰਤਨ ਦਰਬਾਰ ਵਿਚ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਅਤੇ ਵਿਦਿਆਰਥੀਆਂ ਨੇ ਰਸ-ਭਿੰਨ ਕੀਰਤਨ ਕੀਤਾ**

**ਜੀ. ਐੱਚ. ਜੀ. ਖ਼ਾਲਸਾ ਕਾਲਜਿਜ਼ ਵੱਲੋਂ ਬੰਦੀ ਛੋੜ ਕੀਰਤਨ ਦਰਬਾਰ ਕੀਤਾ ਗਿਆ ਜਿਸ ਵਿੱਚ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਦੇ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਅਤੇ ਵਿਦਿਆਰਥੀਆਂ ਨੇ ਰਸ-ਭਿੰਨ ਕੀਰਤਨ ਕੀਤਾ। ਵਿਦਿਆਰਥੀਆਂ ਵਿੱਚ ਚੇਤਨਾ ਰਾਣੀ, ਸੁਖਦੇਵ ਸਿੰਘ, ਪ੍ਰਿਆ, ਰਮਨਦੀਪ ਕੌਰ ਅਤੇ ਅਮਨਜੋਤ ਸਿੰਘ ਸ਼ਾਮਲ ਸਨ।**








-

**16-11-2023**

**ਨਵੰਬਰ 2023 ਨੂੰ ਪੰਜਾਬੀ ਮਹੀਨੇ ਵਜੋਂ ਮਨਾਉਂਦੇ ਹੋਏ ਸਲਾਨਾ ਐਲੂਮਨੀ ਐਸੋਸੀਏਸ਼ਨ ਮਿਲਣੀ ਦੇ ਸਹਿਯੋਗ ਨਾਲ ਕਵੀ ਦਰਬਾਰ ਕਰਵਾਇਆ ਗਿਆ**

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਵਿਖੇ ਨਵੰਬਰ 2023 ਨੂੰ ਪੰਜਾਬੀ ਮਹੀਨੇ ਵਜੋਂ ਮਨਾਉਂਦੇ ਹੋਏ ਸਲਾਨਾ ਐਲੂਮਨੀ ਐਸੋਸੀਏਸ਼ਨ ਮਿਲਣੀ ਦੇ ਸਹਿਯੋਗ ਨਾਲ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ 2023 ਤੱਕ ਰਹਿਣ ਵਾਲੇ ਵਿਦਿਆਰਥੀ ਅਤੇ ਅਧਿਆਪਕਾਂ ਨੇ ਹਾਜਰੀ ਲਗਵਾਈ। ਡਾ. ਜਗਜੀਤ ਸਿੰਘ ਅਤੇ ਵਿਦਿਆਰਥੀਆਂ ਨੇ ਕਾਲਜ ਸ਼ਬਦ 'ਦੇਹ ਸ਼ਿਵ ਬਰ ਮੋਹਿ ਇਹੈ' ਤੋਂ ਸਮਾਰੋਹ ਦੀ ਸ਼ੁਰੂਆਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਕਿਹਾ ਕਿ ਇਹ ਮਿਲਣੀ ਹਰ ਸਾਲ ਨਵੰਬਰ ਵਿੱਚ ਕਰਵਾਈ ਜਾਂਦੀ ਹੈ ਜਿਸ ਵਿਚ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਅਧਿਆਪਕ ਆਪੋ ਆਪਣੇ ਵਿਚਾਰ ਪੇਸ਼ ਕਰਦੇ ਹਨ। ਡਾ. ਗਰਚਾ ਨੇ ਵਿਸ਼ੇਸ਼ ਤੌਰ 'ਤੇ ਅੱਜ ਦੇ ਸਭ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ ।

ਇਸ ਮਗਰੋਂ ਪ੍ਰਭਜੋਤ ਸੋਹੀ ਦੀ ਅਗਵਾਈ ਨਾਲ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਦੇਸ਼ ਭਰ ਤੋਂ ਆਏ ਕਵੀ ਸਹਿਬਾਨਾਂ ਨੇ ਆਪੋ ਆਪਣੀਆਂ ਕਵਿਤਾਵਾਂ ਦੁਆਰਾ ਮਾਂ ਬੋਲੀ ਦੀ ਸੇਵਾ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ। ਅੱਜ ਦੇ ਕਵੀਆਂ ਵਿੱਚ ਪ੍ਰਭਜੋਤ ਸੋਹੀ, ਪਾਲੀ ਖ਼ਾਦਿਮ, ਰਵਿੰਦਰ ਰਵੀ, ਰਾਜਦੀਪ ਤੂਰਰਣਜੀਤ ਹਠੂਰ, ਯਸ਼ ਜੀ ਨਕੋਦਰੀ, ਸੁਖਚੈਨ ਸਿੰਘ ਕਰੋੜ ਅਤੇ ਗੁਰਪ੍ਰੀਤ ਟੂਸਾ ਹਾਜ਼ਰ ਸਨ। ਇਸ ਵਿਸ਼ੇਸ਼ ਮੌਕੇ 'ਤੇ ਡਾ. ਰਛਪਾਲ ਨੇ ਦੱਸਿਆ ਕਿ ਸਾਰੇ ਐਲੂਮਨੀ ਮੈਂਬਰ ਵੱਖ ਵੱਖ ਤਰੀਕਿਆਂ ਨਾਲ ਕਾਲਜ ਨਾਲ ਹਮੇਸ਼ਾਂ ਜੁੜੇ ਰਹਿੰਦੇ ਹਨ ਜਿਵੇਂ ਕਿ ਲੋੜੀਂਦੇ ਵਿਦਿਆਰਥੀਆਂ ਦੀ ਵਿੱਤੀ ਮੱਦਦ ਕਰਨਾ, ਸਭਿਆਚਾਰਕ ਗਤੀਵਿਧੀਆਂ ਵਿੱਚ ਬਣਦੀ ਭੂਮਿਕਾ ਨਿਭਾਉਣੀ, ਵਿਸ਼ੇਸ਼ ਲੈਕਚਰ ਦੇਣੇ, ਆਦਿ ਲਈ ਸਾਰੇ ਮੈਂਬਰ ਸਹਿਬਾਨਾਂ ਨੂੰ ਕਾਲਜ ਵੱਲੋਂ ਅਵਾਰਡ ਆਫ਼ ਆਨਰ ਦੇ ਨਾਲ ਸਨਮਾਨਿਤ ਕੀਤਾ ਗਿਆ।

ਐਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਸ. ਸੰਤੋਖ ਸਿੰਘ ਗਿੱਲ ਨੇ ਨੇ ਸਲਾਨਾ ਅਲੂਮਨੀ ਰਿਪੋਰਟ ਪੇਸ਼ ਕਰਦੇ ਹੋਏ ਕਿਹਾ ਕਿ ਇਹ ਕਾਲਜ ਬਹੁਤ ਸਾਰੇ ਸਕੂਲਾਂ ਅਤੇ ਕਾਲਜਾਂ ਨੂੰ ਅਣਗਿਣਤ ਅਧਿਆਪਕ ਅਤੇ ਪ੍ਰਿੰਸੀਪਲ ਦੇ ਚੁੱਕਾ ਹੈ, ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਹ ਕਾਲਜ ਵਧਾਈ ਦਾ ਪਾਤਰ ਹੈ।

ਇਸ ਮਗਰੋਂ ਇਸ ਕਾਲਜ ਦੇ ਅਲੂਮਨੀ ਸ. ਜਗਜੀਤ ਸਿੰਘ ਲੋਹਟਬੱਦੀ ਦੀ ਪੁਸਤਕ 'ਜੁਗਨੂੰਆਂ ਦੇ ਅੰਗ ਸੰਗ' ਦੀ ਘੁੰਡ ਚੁਕਾਈ ਕੀਤੀ ਗਈ। ਸ. ਜਗਜੀਤ ਸਿੰਘ ਲੋਹਟਬੱਦੀ ਦੇ ਨਾਲ ਉਨ੍ਹਾਂ ਦੀ ਧਰਮ ਸੁਪਤਨੀ ਪ੍ਰਿੰਸੀਪਲ ਸ੍ਰੀਮਤੀ ਪਰਮਿੰਦਰ ਕੌਰ ਜੀ, ਡਾ. ਇਕਬਾਲ ਸਿੰਘ ਅਤੇ ਉਨ੍ਹਾਂ ਦੇ ਹੋਰ ਪਰਿਵਾਰਿਕ ਮੈਂਬਰ ਵੀ ਸ਼ਾਮਲ ਸਨ। ਡਾ. ਗਰਚਾ ਨੇ ਕਿਹਾ ਕਿ ਸ. ਜਗਜੀਤ ਸਿੰਘ ਲੋਹਟਬੱਦੀ ਇਸ ਕਾਲਜ ਵਿੱਚ 2081-82 ਦੌਰਾਨ ਵਿਦਿਆਰਥੀ ਰਹਿ ਚੁੱਕੇ ਹਨ ਅਤੇ 36 ਸਾਲ ਬੈਂਕ ਵਿੱਚ ਆਪਣੀਆਂ ਸੇਵਾਵਾਂ ਦਿੱਤੀਆਂ ਹਨ । ਕਾਲਜ ਉਨ੍ਹਾਂ ਦੀ ਕਲਮ ਹੋਰ ਤਰੱਕੀ ਦੀ ਹਮੇਸ਼ਾ ਅਰਦਾਸ ਕਰਦਾ ਹੈ।



-

ਬਹੁਤ ਸਾਰੇ ਮੈਂਬਰਾਂ ਨੇ ਮੰਚ ‘ਤੇ ਜਾ ਕੇ ਆਪਣੇ ਵਿਚਾਰ ਸਾਂਝੇ ਕੀਤੇ ਜਿਹਨਾ ਵਿੱਚ ਡਿਪਟੀ ਡੀ. ਈ. ਓ. ਸ. ਜਸਵਿੰਦਰ ਸਿੰਘ, ਸ. ਸਰਬਜੀਤ ਸਿੰਘ ਧੁਰੀ, ਸਰਬਜੀਤ ਸਿੰਘ ਜੀ ਤੂਰ, ਜਸਮੇਰ ਸਿੰਘ ਢੱਟਾ ਜੀ, ਡਾ. ਹਰਜਿੰਦਰ ਸਿੰਘ ਬਰਾੜ, ਡਾ. ਜਗਜੀਤ ਸਿੰਘ ਬਰਾੜ, ਸੰਸਥਾ ਮੁਖੀ ਡਾ. ਪਰਗਟ ਸਿੰਘ ਗਰਚਾ ਅਤੇ ਪ੍ਰਿੰਸੀਪਲ ਸੰਤੋਖ ਸਿੰਘ ਗਿੱਲ ਨੇ ਅਹਿਮ ਭੂਮਿਕਾ ਨਿਭਾਈ। ਕਾਲਜ ਵੱਲੋਂ ਸਭ ਦਾ ਸਨਮਾਨ ਕੀਤਾ ਗਿਆ।

ਕਾਲਜ ਦੇ ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੇ ਕਿਹਾ ਕਿ ਇਹ ਕਾਲਜ ਬਹੁਤ ਸਾਰੇ ਸਮਾਗਮ ਕਰਵਾਉਂਦਾ ਰਹਿੰਦਾ ਹੈ, ਜਿਸ ਬਾਰੇ ਘਰ ਘਰ ਜਾਣਕਾਰੀ ਪਹੁੰਚਾਉਣ ਦਾ ਕੰਮ ਆਲੇ ਦੁਆਲੇ ਦੇ ਪ੍ਰੈੱਸ ਰਿਪੋਰਟਰ ਕਰਦੇ ਹਨ। ਇਸ ਵਿਸ਼ੇਸ਼ ਆਯੋਜਨ ਵਿੱਚ ਜਸਪਾਲ ਸਿੰਘ ਸਿਵੀਆਂ, ਹਰਪ੍ਰੀਤ ਸਿੰਘ ਲਾਡੀ ਅਤੇ ਜਗਰੂਪ ਸਿੰਘ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਵਿੱਚ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਅਤੇ ਡਾ. ਰਛਪਾਲ ਸਿੰਘ ਨੇ ਮੰਚ ਸੰਚਾਲਨ ਕੀਤਾ।

ਇਸ ਵਿਸ਼ੇਸ਼ ਆਯੋਜਨ ਵਿੱਚ ਰਵਿੰਦਰ ਰਵੀ ਜੀ ਨੇ ਵਿਸ਼ੇਸ਼ ਫ਼ੋਟੋ ਪ੍ਰਦਰਸ਼ਨੀ ਲਗਾਈ ਅਤੇ ਕਾਲਜ ਦੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵੀ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਸ ਉਤਸਵ ਵਿੱਚ 100 ਤੋਂ ਵੀ ਵੱਧ ਮੈਂਬਰਾਂ ਨੇ ਭਾਗ ਲਿਆ। ਅਖੀਰ ਵਿੱਚ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਅਤੇ ਅਲੂਮਨੀ ਸਕੱਤਰ ਡਾ. ਰਛਪਾਲ ਸਿੰਘ ਨੇ ਸਭ ਦਾ ਧੰਨਵਾਦ ਕੀਤਾ ਅਤੇ ਰਾਸ਼ਟਰੀ ਗੀਤ ਦੀ ਧੁਨੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।





LUDHIANA Tribune 02
LUDHIANA | FRIDAY | 17 NOVEMBER 2023

CAMPUS NOTES

Annual alumni meet at GHG Khalsa College of Education

ANNUAL ALUMNI MEET

**Ludhiana:** GHG Khalsa College of Education, Gurusar Sadhar, organised its annual alumni meet. More than a 100 alumni attended the event, to revive the memory of their time spent at the college and reconnect with their alma mater. The meet was organised by the alumni association of the college under the guidance of Principal Pargat Singh Garcha and Prof Rachhpal Singh, working secretary of the alumni association of the college.

TRIBUTES PAID TO MARTYR





## ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਦੇ ਪੁਰਾਣੇ ਵਿਦਿਆਰਥੀ ਸਮਾਜਿਕ ਬੁਰਾਈਆਂ ਖ਼ਿਲਾਫ਼ ਨਿੱਤਰੇ

**ਪੰਜਾਬੀ ਮਾਂ ਬੋਲੀ, ਸਾਹਿਤ ਤੇ ਸੱਭਿਆਚਾਰ ਨਾਲ ਜੁੜਨ ਦਾ ਸੱਦਾ**

G.H.G. COLLEGE OF EDUCATION, GURUSAR SADHAR, LUDHIANA
SINCE 1955



-

**11-12-2023**

**ਜੀ.ਐਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸਧਾਰ ਨੇ ਯੂਨੀਸੈਫ ਦਿਵਸ ਮਨਾਇਆ**

ਜੀ.ਐਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸਧਾਰ ਵਿਖੇ ਅੱਜ ਨੂੰ ਕਾਲਜ ਕੈਂਪਸ ਵਿੱਚ ਯੂਨੀਸੈਫ ਦਿਵਸ ਮਨਾਇਆ। ਇਸ ਮੌਕੇ ਕਾਲਜ ਦੇ ਰੈੱਡ ਰਿਬਨ ਕਲੱਬ ਅਤੇ ਲੈਂਗੂਏਜ ਕਲੱਬਾਂ ਵੱਲੋਂ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਸ: ਜਗਪਾਲ ਸਿੰਘ, ਪ੍ਰੈਸ ਰਿਪੋਰਟਰ "ਅਜੀਤ", ਸ਼੍ਰੀਮਤੀ ਬਿੰਦੂ ਉੱਪਲ, ਪ੍ਰੈਸ ਰਿਪੋਰਟਰ "ਦੈਨਿਕ ਜਾਗਰਣ", ਸ: ਹਰਪ੍ਰੀਤ ਸਿੰਘ ਲਾਡੀ, ਪ੍ਰੈਸ ਰਿਪੋਰਟਰ, "ਪੰਜਾਬੀ ਜਾਗਰਣ ਅਤੇ ਪਹਿਰੇਦਾਰ" ਅਤੇ ਵੈੱਬ ਚੈਨਲ ਅਜੀਤ ਤੋਂ ਸ: ਜਗਰੂਪ ਸਿੰਘ ਇਸ ਮੌਕੇ 'ਤੇ ਵਿਸ਼ੇਸ਼ ਸ੍ਰੋਤ ਵਿਅਕਤੀ ਸਨ। ਸਮਾਗਮ ਦੀ ਸ਼ੁਰੂਆਤ ਕਾਲਜ ਸ਼ਬਦ ''ਦੇਹ ਸਿਵਾ ਬਰ ਮੋਹਿ ਇਹੈ'' ਨਾਲ ਹੋਈ। ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੇ ਯੂਨੀਸੈੱਫ ਦਿਵਸ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਵੱਲੋਂ ਬੁਲਾਰਿਆਂ ਦਾ ਰਸਮੀ ਸਵਾਗਤ ਕੀਤਾ ਗਿਆ। ਸ: ਜਗਪਾਲ ਸਿੰਘ ਨੇ ਯੂਨੀਸੈਫ ਦਿਵਸ ਮਨਾਉਣ ਦੀ ਮਹੱਤਤਾ 'ਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਯੂਨੀਸੈਫ, ਜਿਸ ਨੂੰ ਸੰਯੁਕਤ ਰਾਸ਼ਟਰ ਚਿਲਡਰਨ ਐਮਰਜੈਂਸੀ ਫੰਡ ਵੀ ਕਿਹਾ ਜਾਂਦਾ ਹੈ, ਹਰ ਸਾਲ 11 ਦਸੰਬਰ ਨੂੰ ਵਿਸ਼ਵ ਭਰ ਵਿੱਚ ਹਰ ਬੱਚੇ ਦੇ ਬਿਹਤਰ ਭਵਿੱਖ ਦੀ ਕਲਪਨਾ ਕਰਨ ਲਈ ਮਨਾਇਆ ਜਾਂਦਾ ਹੈ। ਯੂਨੀਸੈਫ 190 ਤੋਂ ਵੱਧ ਦੇਸ਼ਾਂ ਅਤੇ ਖੇਤਰਾਂ ਵਿੱਚ ਬੱਚਿਆਂ ਦੀਆਂ ਜਾਨਾਂ ਬਚਾਉਣ, ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਉਹਨਾਂ ਦੀ ਸਮਰੱਥਾ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ, ਬਚਪਨ ਤੋਂ ਲੈ ਕੇ ਕਿਸ਼ੋਰ ਅਵਸਥਾ ਤੱਕ ਕੰਮ ਕਰਦਾ ਹੈ। ਸ਼੍ਰੀਮਤੀ ਬਿੰਦੂ ਉੱਪਲ ਨੇ ਉਜਾਗਰ ਕੀਤਾ ਕਿ ਵਿਦਿਅਕ ਸੰਸਥਾਵਾਂ ਨੂੰ ਹਰ ਬੱਚੇ ਦੇ ਅਧਿਕਾਰਾਂ, ਸੁਰੱਖਿਅਤ ਆਸਰਾ, ਸਹੀ ਪੋਸ਼ਣ, ਆਫ਼ਤਾਂ ਅਤੇ ਸੰਘਰਸ਼ਾਂ ਤੋਂ ਬਾਲ ਸੁਰੱਖਿਆ, ਸਮਾਨਤਾ, ਸਿੱਖਿਆ, ਸਮਾਜਿਕ ਸ਼ਮੂਲੀਅਤ ਦੀ ਮੰਗ ਕਰਨ ਵਾਲੇ ਨਾਅਰੇ, ਕਵਿਤਾਵਾਂ ਲਿਖਣ ਅਤੇ ਪੋਸਟਰ ਤਿਆਰ ਕਰਨ ਵਰਗੀਆਂ ਗਤੀਵਿਧੀਆਂ ਦਾ ਆਯੋਜਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਗਤੀਵਿਧੀਆਂ ਨਾ ਸਿਰਫ਼ ਵਿਸ਼ਵ ਭਰ ਦੇ ਸਮਾਜਾਂ ਵਿੱਚ ਯੂਨੀਸੈਫ ਦੀ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਦੀਆਂ ਹਨ, ਸਗੋਂ ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਇਹ ਵੀ ਅਹਿਸਾਸ ਹੁੰਦਾ ਹੈ ਕਿ ਕਿਵੇਂ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਅਤੇ ਹੱਲ ਕਿਵੇਂ ਕੀਤਾ ਜਾ ਸਕਦਾ ਹੈ। ਸ: ਜਗਰੂਪ ਸਿੰਘ ਨੇ ਯੂਨੀਸੈਫ ਦਿਵਸ 2023 ਦੇ ਮੁੱਖ ਪ੍ਰਸੰਗ ਭਾਵ ''ਹਰ ਬੱਚੇ ਲਈ, ਹਰ ਅਧਿਕਾਰ" ਨੂੰ ਉਜਾਗਰ ਕੀਤਾ ਜਦਕਿ ਸ.ਹਰਪ੍ਰੀਤ ਲਾਡੀ ਨੇ ਵਿਦਿਆਰਥੀਆਂ ਨਾਲ 2023 ਲਈ ਯੂਨੀਸੈਫ ਦੀ ਯੋਜਨਾ ਸਾਂਝੀ ਕੀਤੀ। ਕਾਲਜ ਦੇ ਰੈੱਡ ਰੀਬਨ ਕਲੱਬ ਇੰਚਾਰਜ ਐਸੋਸੀਏਟ ਪ੍ਰੋਫ਼ੈਸਰ ਡਾ. ਮੰਨੂੰ ਚੱਢਾ ਜੀ ਨੇ ਸਾਰੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਗਾਇਨ ਨਾਲ ਹੋਈ।



-


ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਦੇ
http://www.ghgcollegesadhar.org
ਰੈੱਡ ਰੀਬਨ ਕਲੱਬ ਅਤੇ ਪੰਜਾਬੀ ਸਾਹਿਤ ਸਭਾ
ਵਲੋਂ
ਯੂਨੀਸੈੱਫ ਡੇ ਨੂੰ ਸਮਰਪਿਤ
ਵਿਸ਼ੇਸ਼ ਲੈਕਚਰ
ਮਿਤੀ 11-12-2023 ਨੂੰ
(ਸਮਾਂ - 11.30 ਵਜੇ, ਸਥਾਨ- ਬਖ਼ਤਾਵਰ ਸਿੰਘ ਗਿੱਲ ਹਾਲ ਵਿਖੇ)
ਕਰਵਾਇਆ ਜਾ ਰਿਹਾ ਹੈ।
ਸ੍ਰੋਤ ਵਿਅਕਤੀ-
1. ਰੋਜ਼ਾਨਾ ਅਜੀਤ ਤੋਂ ਪੱਤਰ ਪ੍ਰੇਰਕ, ਸ. ਜਗਪਾਲ ਸਿੰਘ ਸਿਵਿਆਂ
2. ਪੰਜਾਬੀ ਜਾਗਰਣ ਅਤੇ ਪਹਿਰੇਦਾਰ ਦੇ ਪੱਤਰ ਪ੍ਰੇਰਕ, ਸ. ਹਰਪ੍ਰੀਤ ਸਿੰਘ ਲਾਡੀ
3. ਦੈਨਿਕ ਜਾਗਰਨ ਅਖ਼ਬਾਰ ਦੇ ਪੱਤਰ ਪ੍ਰੇਰਕ, ਸ੍ਰੀਮਤੀ ਬਿੰਦੂ ਉੱਪਲ
4. ਸ. ਜਗਰੂਪ ਸਿੰਘ, ਵੈੱਬ ਚੈਨਲ, ਅਜੀਤ
ਮੁਖੀ ਸਰਪ੍ਰਸਤ
ਡਾ. ਪਰਗਟ ਸਿੰਘ ਗਰਚਾ
ਪ੍ਰਿੰਸੀਪਲ,
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ



# ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸਧਾਰ ਨੇ 'ਯੂਨੀਸੈੱਫ਼ ਦਿਵਸ' ਮਨਾਇਆ

ਗੁਰੂਸਰ ਸੁਧਾਰ, 11 ਦਸੰਬਰ (ਜਗਪਾਲ ਸਿੰਘ ਸਿਵੀਆਂ)- ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ ਐਜੂਕੇਸ਼ਨ ਗੁਰੂਸਰ ਸਧਾਰ ਵਿਖੇ ਕਾਲਜ ਕੈਂਪਸ ਵਿਚ 'ਯੂਨੀਸੈਫ ਦਿਵਸ' ਮਨਾਇਆ ਗਿਆ। ਕਾਲਜ ਦੇ ਰੈੱਡ ਰਿਬਨ ਕਲੱਬ ਤੇ ਲੈਂਗੂਏਜ ਕਲੱਬਾਂ ਵਲੋਂ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਜਗਪਾਲ ਸਿੰਘ ਸਿਵੀਆਂ, ਸ਼੍ਰੀਮਤੀ ਬਿੰਦੂ ਉੱਪਲ, ਸ: ਹਰਪ੍ਰੀਤ ਸਿੰਘ ਲਾਡੀ, ਸ: ਜਗਰੂਪ ਸਿੰਘ ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਸਨ। ਪੰਜਾਬੀ ਵਿਭਾਗ ਤੋਂ ਡਾ: ਜਗਜੀਤ ਸਿੰਘ ਨੇ ਯੂਨੀਸੈੱਫ ਦਿਵਸ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਪਰੰਤ ਕਾਲਜ ਪ੍ਰਿੰਸੀਪਲ ਡਾ: ਪਰਗਟ ਸਿੰਘ ਗਰਚਾ ਵਲੋਂ ਬੁਲਾਰਿਆਂ ਦਾ ਰਸਮੀ ਸਵਾਗਤ ਕੀਤਾ ਗਿਆ। ਸ: ਜਗਪਾਲ ਸਿੰਘ ਨੇ ਯੂਨੀਸੈਫ ਦਿਵਸ ਮਨਾਉਣ ਦੀ ਮਹੱਤਤਾ 'ਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਕਾਲਜ ਦੇ ਰੈੱਡ ਰੀਬਨ ਕਲੱਬ ਇੰਚਾਰਜ ਐਸੋਸੀਏਟ ਪ੍ਰੋਫ਼ੈਸਰ ਡਾ: ਮੰਨੂੰ ਚੱਢਾ ਨੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਦੇ ਗਾਇਨ ਨਾਲ ਹੋਈ।



**ਯੂਨੀਸੈੱਫ਼ ਦਿਵਸ ਮੌਕੇ ਕਾਲਜ ਪ੍ਰਿੰਸੀਪਲ ਡਾ. ਪ੍ਰਗਟ ਸਿੰਘ ਗਰਚਾ, ਪ੍ਰੋਫ਼ੈਸਰ ਡਾ: ਜਗਜੀਤ ਸਿੰਘ, ਰੈੱਡ ਰੀਬਨ ਕਲੱਬ ਇੰਚਾਰਜ ਪ੍ਰੋਫ਼ੈਸਰ ਡਾ. ਮੰਨੂੰ ਚੱਢਾ ਤੇ ਹਾਜ਼ਰ ਵਿਸ਼ੇਸ਼ ਮਹਿਮਾਨ।** ਅਜੀਤ ਤਸਵੀਰ

ਅਜੀਤ ®©
12-Dec-2023
Page: 7
http://epaper.ajitjalandhar.com/edition/20231212/19/7.cms

**15-02-2024**

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਜ਼ੋਨ ਵੱਲੋਂ ਯੁਵਕ ਮੇਲੇ ਵਿੱਚ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ ਅਤੇ ਸ਼ਬਦ ਗਾਇਣ ਮੁਕਾਬਲਿਆਂ ਵਿੱਚੋਂ ਇਨਾਮ ਹਾਸਲ ਕੀਤੇ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਜ਼ੋਨ ਵੱਲੋਂ ਯੁਵਕ ਮੇਲੇ ਵਿੱਚ ਪੰਜਾਬੀ ਵਿਭਾਗ ਨੇ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ ਅਤੇ ਸ਼ਬਦ ਗਾਇਣ ਮੁਕਾਬਲੇ ਕਰਵਾਏ ਜਿਸ ਵਿੱਚੋਂ ਕਾਲਜ ਦੇ ਵਿਦਿਆਰਥੀਆਂ ਨੇ ਬਹੁਤ ਸਾਰੇ ਇਨਾਮ ਹਾਸਲ ਕੀਤੇ। ਕਾਲਜ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਅਤੇ ਵਿਦਿਆਰਥੀਆਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ। ਜੇਤੂ ਵਿਦਿਆਰਥੀਆਂ ਵਿੱਚ ਚੇਤਨਾ ਰਾਣੀ, ਪ੍ਰਿਆ, ਰਮਨਦੀਪ ਕੌਰ, ਬਬਨਪ੍ਰੀਤ ਕੌਰ, ਸੁਖਦੇਵ ਸਿੰਘ, ਅਮਨਜੋਤ ਕੌਰ ਅਤੇ ਰਮਨਦੀਪ ਕੌਰ ਸ਼ਾਮਲ ਸਨ।







-







-





G.H.G KHALSA COLLEGE OF EDUCATION, GURUSAR SADHAR, LUDHIANA
SINCE 1955



-





G.H.G KHALSA COLLEGE OF EDUCATION, GURUSAR SADHAR, LUDHIANA
SINCE 1955



-

**10-11-2023**

**ਸਧਾਰ ਕਾਲਜ ਵਿਖੇ ਕਾਲਜ ਦੀ ਪੰਜਾਬੀ-ਅੰਗਰੇਜ਼ੀ ਭਾਸ਼ਾ ਕਲੱਬ ਦੇ ਉੱਦਮ ਸਦਕਾ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ ਗਿਆ**

ਜੀ. ਐੱਚ. ਜੀ.ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਿਖੇ ਮੁਲਾਨਾ ਅਬੁਲ ਕਲਾਮ ਆਜ਼ਾਦ ਜੀ ਦੇ ਜਨਮ ਦਿਵਸ ਨੂੰ ਸਮਪਿਤ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ ਗਿਆ। ਕਾਲਜ ਦੀ ਲੈਂਗੁਏਜ ਕਲੱਬ ਦੇ ਉੱਦਮ ਸਦਕਾ ਇਸ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰਵਾਇਆ ਗਿਆ, ਜਿਸ ਦਾ ਵਿਸ਼ਾ 'Innovative learning for Sustainable Future' ਸੀ। ਇਸ ਮੋਕੇ ਜੀ. ਐੱਚ. ਜੀ. ਹਰਪ੍ਰਕਾਸ਼ ਕਾਲਜ ਆਫ਼ ਐਜਕੇਸ਼ਨ ਫ਼ਾਰ ਵੁਮੈਨ ਦੇ ਪੰਜਾਬੀ ਵਿਭਾਗ ਤੋਂ ਡਾ. ਗੁਰਵਿੰਦਰ ਸਿੰਘ ਵਿਸ਼ੇਸ਼ ਬੁਲਾਰੇ ਵਜੋਂ ਪਹੁੰਚੇ। ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਸ਼ਬਦ 'ਦੇਹ ਸਿਵਾ ਬਰ...' ਤੋਂ ਕੀਤੀ ਗਈ। ਇਸ ਮਗਰੋਂ ਕਾਲਜ ਦੇ ਸਾਰੇ ਅਧਿਆਪਕ ਸਹਿਬਾਨਾਂ ਨੇ ਗੁਲਦਸਤਾ ਭੇਂਟ ਕਰਦੇ ਹੋਏ ਡਾ. ਗੁਰਵਿੰਦਰ ਸਿੰਘ ਜੀ ਨੂੰ 'ਜੀ ਆਇਆਂ' ਕਿਹਾ। ਕਾਲਜ ਦੇ ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਅੱਜ ਦੇ ਮੁੱਖ ਮਹਿਮਾਨ ਨਾਲ ਸਭ ਨੂੰ ਰੂ-ਬ-ਰੁ ਕਰਵਾਇਆ ਅਤੇ ਅੱਜ ਦੇ ਵਿਸ਼ੇਸ਼ ਲੈਕਚਰ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਗੁਰਵਿੰਦਰ ਨੇ ਕਿਹਾ ਕਿ ਹਰ ਸਾਲ 11 ਨਵੰਬਰ, 2023 ਦਾ ਦਿਨ ਰਾਸ਼ਟਰੀ ਸਿੱਖਿਆ ਦਿਵਸ ਵਜੋਂ ਮਨਾਇਆ ਜਾਂਦਾ ਹੈ ਜੋ ਅਭੁੱਲ ਕਲਾਮ ਆਜ਼ਾਦ ਜੀ ਦੇ ਜਨਮ ਦਿਨ ਨਾਲ ਸੰਬੰਧਿਤ ਹੈ। ਉਨ੍ਹਾਂ ਕਿਹਾ ਕਿ ਆਜ਼ਾਦ ਜੀ ਦਾ ਸਮੁੱਚਾ ਜੀਵਨ ਅਤੇ ਉਹਨਾਂ ਦੇ ਵਿਚਾਰ ਅੱਜ ਵੀ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ। ਯੂ. ਜੀ. ਸੀ., ਏ. ਆਈ. ਸੀ. ਟੀ. ਈ., ਆਈ. ਆਈ. ਟੀ, ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ, ਸੈਕੰਡਰੀ ਐਜੂਕੇਸ਼ਨ ਕਮਿਸ਼ਨ ਆਦਿ ਜੋ ਅੱਜ ਭਾਰਤ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਬਹੁਤ ਮਹੱਤਤਾ ਰੱਖਦੇ ਹਨ, ਇਨ੍ਹਾਂ ਸਾਰਿਆਂ ਦੀ ਸਥਾਪਨਾ ਵਿੱਚ ਆਜ਼ਾਦ ਜੀ ਦਾ ਅਹਿਮ ਯੋਗਦਾਨ ਹੈ। ਇਸ ਤੋਂ ਬਾਅਦ ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਸਹਾਇਕ ਪ੍ਰੋਫ਼ੈਸਰ ਡਾ. ਮਿੰਨੀ ਸ਼ਰਮਾ ਜੀ ਨੇ ਅੱਜ ਦੇ ਮੁੱਖ ਬੁਲਾਰੇ ਡਾ. ਗੁਰਵਿੰਦਰ ਸਿੰਘ ਜੀ ਦਾ ਧੰਨਵਾਦ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਕਿਹਾ ਕਿ ਲੈਂਗੂਏਜ ਕਲੱਬ ਦੇ ਮੈਂਬਰ ਸਾਹਿਬਾਨਾਂ ਨੂੰ ਰਾਸ਼ਟਰੀ ਸਿੱਖਿਆ ਦਿਵਸ ਦੇ ਸਫਲਤਾਪੂਰਵਕ ਆਯੋਜਨ ਲਈ ਵਧਾਈ ਦਿੱਤੀ।

ਅਖੀਰ ਵਿੱਚ ਰਾਸ਼ਟਰੀ ਗੀਤ ਦੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।



-


GHG Khalsa College of Education
GPS Map Camera
Sudhar, Punjab, India
QJHR+5VF, opp. ghg khalsa college, near civil hospital, Sudhar, Punjab 141104, India
Lat 30.778044°
Long 75.64222°
10/11/23 11:35 AM GMT +05:30
Google


CELEBRATION
NATIONAL EDUCATION DAY
Theme: Innovative Learning for a Sustainable Future
Dr. Gurwinder Singh
From
G.H.G. Harparkash College of Education for Women
ORGANIZERS: ALL CAMPUS CLUBS
G.H.G. KHALSA COLLEGE OF EDUCATION
GURUSAR SADHAR, LUDHIANA





-



जीएचजी खालसा कालेज आफ एजुकेशन गुरुसर सुधार में मौलाना अब्दुल कलाम आजाद जी के जन्मदिवस को समर्पित राष्ट्रीय शिक्षा दिवस पर आयोजित सेमीनार में मुख्य वक्ता डा.गुरविंदर सिंह विद्यार्थियों को संबोधित करते हुए • सौ. स्कूल

# सुधार कालेज में मनाया शिक्षा दिवस

**जासं, जगराओं:** जीएचजी खालसा कालेज आफ एजुकेशन गुरुसर सुधार में मौलाना अब्दुल कलाम आजाद जी के जन्मदिवस को समर्पित राष्ट्रीय शिक्षा दिवस मनाया गया। कालेज की लैंगुएज क्लब के प्रयासों से विशेष लेक्चर का आयोजन करवाया गया। जिसका विषय इनोवेटिव लर्निंग फार संस्टेबल फयूचर था। इस मौके जीएचजी हरप्रकाश कालेज आफ एजुकेशन फार वूमेन के पंजाबी विभाग से डा.गुरविंदर सिंह विशेष वक्ता थे।

प्रोग्राम की शुरुआत कालेज शबद 'देह शिवा बर मोहि' से की गई। कालेज के सभी अध्यापकों ने गुलदस्ता भेंट कर डा.गुरविंदर सिंह मुख्य वक्ता का स्वागत किया। कालेज के पंजाबी विश्भाग के सहायक प्रो डा.जगजीत सिंह ने मुख्य मेहमान से सभी को रू-ब-रू करवाया और आज के विशेष लेक्चर के बारे में जानकारी दी। विद्यार्थियों को संबोधन करते हुए डा.गुरविंदर सिंह ने कहा कि हर वर्ष 11 नवंबर 2023 का दिन राष्ट्रीय शिक्षा दिवस के तौर पर मनाया जाता है जो अब्दुल कलाम आजाद जी के जन्मदिन से संबंधित है।

यूजीसी आइसीटी आइआइटी यूनिवर्सिटी एजुकेशन कमिशन सेकेंडरी एजूकेशन कमिशन आदि जो आज भारत ही नहीं अन्य दुनिया भर में बहुत महत्व रखते है। इन सभी की स्थापना में आजाद जी का अहम योगदान है। इसके अलावा कालेज के अंग्रेजी विभाग के सहायक प्रोफेसर डामिन्नी शर्मा ने आज के मुख्य वक्ता डा.गुरविंदर सिंह का धन्यवाद किया। कालेज के प्रिंसिपल डा.प्रगट सिंह गरचा ने कहा कि लैंगुएज क्लब के सदस्यों को राष्ट्रीय शिक्षा दिवस के सफलतापूर्वक संपन्न होने पर बधाई दी। अंत में राष्ट्रीय गान गीत से प्रोग्राम संपन्न हुआ।

EDUCATION, GURUSAR SADHAR, LUDHIANA
SINCE 1955

**11-12-2023**

**21-02-2024**

**ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਦੇ ਪੰਜਾਬੀ ਵਿਭਾਗ ਅਤੇ ਐੱਮ. ਆਈ. ਈ. ਆਰ. ਕਾਲਜ ਆਫ਼ ਐਜੂਕੇਸ਼ਨ, ਜੰਮੂ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨਾਂ ਨੇ ਸਾਂਝੇ ਤੌਰ 'ਤੇ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ**

**ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰਨ ਦੇ ਪੰਜਾਬੀ ਵਿਭਾਗ ਵੱਲੋਂ ਡਾ.ਜਗਜੀਤ ਸਿੰਘ ਦੀ ਅਗਵਾਈ ਹੇਠ 21 ਫਰਵਰੀ, 2024 ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਸਬੰਧ ਵਿੱਚ ਇੱਕ ਜੀਵੰਤ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ। ਭਾਸ਼ਾਈ ਵਿਭਿੰਨਤਾ ਨੂੰ ਮਨਾਉਣ, ਸੱਭਿਆਚਾਰਕ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਅਤੇ ਮਾਤ ਭਾਸ਼ਾਵਾਂ ਦੀ ਸੰਭਾਲ ਦੀ ਮਹੱਤਤਾ 'ਤੇ ਜ਼ੋਰ ਦੇਣ ਦੇ ਉਦੇਸ਼ ਨਾਲ ਐੱਮ. ਆਈ. ਈ. ਆਰ. ਕਾਲਜ ਆਫ਼ ਐਜੂਕੇਸ਼ਨ, ਜੰਮੂ ਦੇ ਸਹਿਯੋਗ ਨਾਲ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਸ਼ਬਦ ’ਦੇਹ ਸਿਵਾ ਬਰ ਮੋਹਿ ਇਹੈ’ ਨਾਲ ਹੋਈ। ਇਸ ਉਪਰੰਤ ਡਾ. ਜਗਜੀਤ ਸਿੰਘ ਨੇ ਇਸ ਪ੍ਰੋਗਰਾਮ ਨੂੰ ਕਰਵਾਉਣ ਦੇ ਉਦੇਸ਼ਾਂ ਅਤੇ ਮਾਂ-ਬੋਲੀ ਪੰਜਾਬੀ ਦੀ ਮਹੱਤਤਾ ’ਤੇ ਆਪਣੇ ਵਿਚਾਰ ਦਿੱਤੇ। ਵਿਦਿਆਰਥਣ ਕਿਰਨਦੀਪ ਕੌਰ ਨੇ ਮਾਂ ਬੋਲੀ ਪੰਜਾਬੀ ’ਤੇ ਕਵਿਤਾ ਸੁਣਾਈ। ਇਸ ਮਗਰੋਂ ਵਿਦਿਆਰਥੀ ਅਰਸ਼ਨੂਰ ਸਿੰਘ ਨੇ ’ਮਾਂ ਬੋਲੀਏ ਸਦਕੇ ਜਾਵਾਂ ਤੇਰੇ ਤੋਂ’ ਕਵਿਤਾ ਸੁਣਾਈ। ਸੁਖਦੇਵ, ਪਿਆ, ਚੇਤਨਾ ਅਤੇ ਰਮਨ ਵੱਲੋਂ ਸਾਰੰਗ ਰਾਗ ਵਿੱਚ ਸ਼ਬਦ ਪੇਸ਼ ਕੀਤਾ ਗਿਆ। ਵਿਦਿਆਰਥਣ ਚੇਤਨਾ ਨੇ ਗੀਤ ’ਮੈਂ ਗੁਰਮੁਖੀ ਦਾ ਬੇਟਾ’ ਸੁਣਾ ਕੇ ਸਭ ਦਾ ਮਨ ਮੋਹ ਲਿਆ। ਬੀ. ਐੱਡ. ਦੀਆਂ ਵਿਦਿਆਰਥੀ ਕਿਰਨਦੀਪ, ਰਿਤੂ ਵੈਦ ਅਤੇ ਸੁਖਮੀਤ ਨੇ ਕਵੀਸ਼ਰੀ ਪੇਸ਼ ਕੀਤੀ। ਜੰਮੂ ਤੋਂ ਆਈਆਂ ਵਿਦਿਆਰਥਣਾਂ ਨੇ ਸਮੂਹਿਕ ਨ੍ਰਿਤ ਪੇਸ਼ ਕੀਤਾ ਜਿਸ ਵਿੱਚ ਸ਼ਿਵਾਨੀ ਅਤੇ ਅਤੇ ਵੰਸ਼ਿਕਾ ਨੇ ਅਹਿਮ ਭੂਮਿਕਾ ਨਿਭਾਈ। ਸਧਾਰਨ ਕਾਲਜ ਦੀ ਰਮਨਦੀਪ ਕੌਰ ਵੱਲੋਂ ਨ੍ਰਿਤ ਪੇਸ਼ ਮਾਂ ਬੋਲੀ ਪੰਜਾਬੀ ਨਾਲ ਸੰਬੰਧਿਤ ਨ੍ਰਿਤ ਪੇਸ਼ ਕੀਤਾ ਗਿਆ। ਵਿਦਿਆਰਥਣ ਬਬਨਪ੍ਰੀਤ ਕੌਰ ਨੇ ਜੀਵਨ ਵਿੱਚ ਮਾਤ ਭਾਸ਼ਾ ਦਾ ਮਹੱਤਵ’ ਵਿਸ਼ੇ ’ਤੇ ਆਪਣੇ ਵਿਚਾਰ ਦਿੱਤੇ। ਰਣਵੀਰ ਅਤੇ ਪਰਮਜੋਤ ਨੇ ਭੰਡ ਪੇਸ਼ਕਾਰੀ ਕਰ ਕੇ ਸਭ ਨੂੰ ਰੱਜ ਕੇ ਹਸਾਉਣ ਦਾ ਕੰਮ ਕੀਤਾ। । ਜੰਮੂ ਤੋਂ ਨਿਰਭਯ ਨੇ ਆਪਣੇ ਇੱਕ ਸਾਥੀ ਨਾਲ ’ਮੇਰਾ ਡੁੱਗਰ ਪ੍ਰਦੇਸ਼ ਸਿਰਲੇਖ ਅਧੀਨ ਆਪਣੀ ਮਾਂ ਬੋਲੀ ’ਤੇ ਵਿਚਾਰ ਦਿੱਤੇ । ਕਾਲਜ ਦੇ ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੇ ਜੰਮੂ ਦੇ ਵਿਦਿਆਰਥੀ ਨਿਰਭਯ ਨਾਲ ਮਿਲ ਕੇ ਪੰਜਾਬੀ ਅਤੇ ਡੋਗਰੀ ਭਾਸ਼ਾ ਵਿੱਚ ਸਮਾਨਤਾ ਅਤੇ ਅਸਮਾਨਤਾ ਦੇ ਕੁਝ ਸ਼ਬਦ ਉਜਾਗਰ ਕੀਤੇ। ਇਸ ਮੌਕੇ ਬੋਲਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਪ੍ਰਗਟ ਸਿੰਘ ਗਰਚਾ ਨੇ ਕਿਹਾ ਕਿ ਵਿਦਿਅਕ ਸੰਸਥਾਵਾਂ ਦਾ ਇਹ ਨੈਤਿਕ ਫਰਜ਼ ਹੈ ਕਿ ਉਹ ਵੱਖ-ਵੱਖ ਪ੍ਰੋਗਰਾਮ ਕਰਵਾ ਕੇ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਨਾਲ ਜੋੜਨ ਵਿੱਚ ਮਦਦ ਕਰਨ। ਡਾ: ਪਰਗਟ ਸਿੰਘ ਗਰਚਾ ਨੇ ਸਹਿਯੋਗੀ ਸੰਸਥਾ ਐੱਮ. ਆਈ. ਈ. ਆਰ. ਕਾਲਜ ਆਫ਼ ਐਜੂਕੇਸ਼ਨ, ਜੰਮੂ ਦਾ ਪਰਿਵਰਤਨਸ਼ੀਲ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਲਈ ਧੰਨਵਾਦ ਪ੍ਰਗਟ ਕੀਤਾ ਜਿਸ ਨੇ ਦੋਵਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਸੱਭਿਆਚਾਰਕ ਲੀਨਤਾ ਅਤੇ ਅਕਾਦਮਿਕ ਵਿਕਾਸ ਲਈ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਨ ਵਿੱਚ ਮਦਦ ਕੀਤੀ। ਇਸ ਮੌਕੇ**

ਹਾਜ਼ਰ ਪਤਵੰਤਿਆਂ ਵਿੱਚ ਸ੍ਰੀ ਗੁਰਨਾਇਬ ਸਿੰਘ, ਪ੍ਰਿੰਸੀਪਲ ਅਜੀਤਸਰ ਖ਼ਾਲਸਾ ਸੀਨੀਅਰ ਸੈਕੰਡਰੀ, ਸ. ਸਕੂਲ ਜੰਗਪੁਰ, ਡਾ: ਇੰਦਰਜੀਤ ਸਿੰਘ, ਪ੍ਰਿੰਸੀਪਲ ਜੀ.ਐਚ.ਜੀ. ਖ਼ਾਲਸਾ ਕਾਲਜ ਅਤੇ ਡਾ: ਸਤਵਿੰਦਰ ਕੌਰ ਪ੍ਰਿੰਸੀਪਲ ਜੀ.ਐਚ.ਜੀ. ਖਾਲਸਾ ਕਾਲਜ ਆਫ ਫਾਰਮੇਸੀ, ਗੁਰੂਸਰ ਸਧਾਰ ਸ਼ਾਮਲ ਸਨ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।











-


GHG Khalsa College of Education
STUDENT
EXCHANGE
PROGRAMME
STUDENT
EXCHANGE



-

# ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਤੇ ਐੱਮ.ਆਈ.ਈ.ਆਰ. ਕਾਲਜ ਆਫ਼ ਐਜੂਕੇਸ਼ਨ ਨੇ ਸਾਂਝਿਆਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ



**ਖ਼ਾਲਸਾ ਕਾਲਜ ਆਫ ਐਜੂਕੇਸ਼ਨ ਸੁਧਾਰ ਵਿਖੇ ਹੋਏ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਸਮਾਗਮ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਜੇਤੂ ਟਰਾਫ਼ੀ ਨਾਲ ਸਨਮਾਨਿਤ ਕਰਦੇ ਹੋਏ ਕਾਲਜ ਪ੍ਰਿੰਸੀਪਲ ਪ੍ਰਗਟ ਸਿੰਘ ਗਰਚਾ।**

ਤਸਵੀਰਾਂ: ਜਗਪਾਲ ਸਿੰਘ ਸਿਵੀਆਂ

ਗੁਰੂਸਰ ਸੁਧਾਰ, 21 ਫਰਵਰੀ (ਜਗਪਾਲ ਸਿੰਘ ਸਿਵੀਆਂ)- ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਦੇ ਪੰਜਾਬੀ ਵਿਭਾਗ ਵਲੋਂ ਡਾ: ਜਗਜੀਤ ਸਿੰਘ ਦੀ ਅਗਵਾਈ ਹੇਠ 21 ਫਰਵਰੀ 2024 ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਅਤੇ ਐੱਮ.ਆਈ.ਈ.ਆਰ. ਕਾਲਜ ਆਫ਼ ਐਜੂਕੇਸ਼ਨ ਜੰਮੂ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨਾਂ ਨੇ ਸਾਂਝੇ ਤੌਰ 'ਤੇ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਤਹਿਤ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਅਤੇ ਜੀਵੰਤ ਸੱਭਿਆਚਾਰਕ ਸਮਾਗਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਸ਼ਬਦ 'ਦੇਹਿ ਸਿਵਾ ਬਰ ਮੋਹਿ ਇਹੈ' ਨਾਲ ਹੋਈ। ਇਸ ਉਪਰੰਤ ਡਾ. ਜਗਜੀਤ ਸਿੰਘ ਨੇ ਇਸ ਪ੍ਰੋਗਰਾਮ ਨੂੰ ਕਰਵਾਉਣ ਦੇ ਉਦੇਸ਼ਾਂ ਅਤੇ ਮਾਂ-ਬੋਲੀ ਪੰਜਾਬੀ ਦੀ ਮਹੱਤਤਾ 'ਤੇ ਆਪਣੇ ਵਿਚਾਰ ਦਿੱਤੇ। ਵਿਦਿਆਰਥਣ ਕਿਰਨਦੀਪ ਕੌਰ ਨੇ ਮਾਂ ਬੋਲੀ ਪੰਜਾਬੀ 'ਤੇ ਕਵਿਤਾ ਸੁਣਾਈ। ਇਸ ਮਗਰੋਂ ਵਿਦਿਆਰਥੀ ਅਰਸ਼ਨੂਰ ਸਿੰਘ ਨੇ 'ਮਾਂ ਬੋਲੀਏ ਸਦਕੇ ਜਾਵਾਂ ਤੇਰੇ ਤੋਂ' ਕਵਿਤਾ ਸੁਣਾਈ। ਬੀ.ਐੱਡ. ਦੀਆਂ ਵਿਦਿਆਰਥਣ ਕਿਰਨਦੀਪ, ਰਿਤੂ ਵੈਦ ਅਤੇ ਸੁਖਮੀਤ ਨੇ ਕਵੀਸ਼ਰੀ ਪੇਸ਼ ਕੀਤੀ। ਜੰਮੂ ਤੋਂ ਆਈਆਂ ਵਿਦਿਆਰਥਣਾਂ ਨੇ ਸਮੂਹਿਕ ਨ੍ਰਿਤ ਪੇਸ਼ ਕੀਤਾ। ਕਾਲਜ ਦੇ ਪੰਜਾਬੀ ਵਿਭਾਗ ਤੋਂ ਡਾ: ਜਗਜੀਤ ਸਿੰਘ ਨੇ ਜੰਮੂ ਦੇ ਵਿਦਿਆਰਥੀ ਨਿਰਭਯ ਨਾਲ ਮਿਲ ਕੇ ਪੰਜਾਬੀ ਅਤੇ ਡੋਗਰੀ ਭਾਸ਼ਾ ਵਿਚ ਸਮਾਨਤਾ ਅਤੇ ਅਸਮਾਨਤਾ ਦੇ ਕੁਝ ਸ਼ਬਦ ਉਜਾਗਰ ਕੀਤੇ। ਇਸ ਮੌਕੇ ਬੋਲਦਿਆਂ ਕਾਲਜ ਦੇ ਪ੍ਰਿੰਸੀਪਲ ਡਾ: ਪ੍ਰਗਟ ਸਿੰਘ ਗਰਚਾ ਨੇ ਕਿਹਾ ਕਿ ਵਿੱਦਿਅਕ ਸੰਸਥਾਵਾਂ ਦਾ ਇਹ ਨੈਤਿਕ ਫਰਜ਼ ਹੈ ਕਿ ਉਹ ਵੱਖ-ਵੱਖ ਪ੍ਰੋਗਰਾਮ ਕਰਵਾ ਕੇ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਨਾਲ ਜੋੜਨ ਵਿਚ ਮਦਦ ਕਰਨ। ਡਾ: ਪਰਗਟ ਸਿੰਘ ਗਰਚਾ ਨੇ ਸਹਿਯੋਗੀ ਸੰਸਥਾ ਐੱਮ.ਆਈ.ਈ.ਆਰ. ਕਾਲਜ ਆਫ਼ ਐਜੂਕੇਸ਼ਨ ਜੰਮੂ ਦਾ ਪਰਿਵਰਤਨਸ਼ੀਲ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਲਈ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਹਾਜ਼ਰ ਪਤਵੰਤਿਆਂ ਵਿਚ ਸ੍ਰੀ ਗੁਰਨਾਇਬ ਸਿੰਘ, ਪ੍ਰਿੰਸੀਪਲ ਅਜੀਤਸਰ ਖ਼ਾਲਸਾ ਸੀਨੀਅਰ ਸੈਕੰਡਰੀ ਸ. ਸਕੂਲ ਜਾਂਗਪੁਰ, ਡਾ: ਇੰਦਰਜੀਤ ਸਿੰਘ ਪ੍ਰਿੰਸੀਪਲ ਜੀ.ਐੱਚ.ਜੀ. ਖ਼ਾਲਸਾ ਕਾਲਜ ਅਤੇ ਡਾ: ਸਤਵਿੰਦਰ ਕੌਰ ਪ੍ਰਿੰਸੀਪਲ ਜੀ.ਐੱਚ.ਜੀ. ਖਾਲਸਾ ਕਾਲਜ ਆਫ ਫਾਰਮੇਸੀ ਗੁਰੂਸਰ ਸਧਾਰ ਸ਼ਾਮਿਲ ਸਨ।

ਅਜੀਤ ®©
22-Feb-2024
Page: 6
http://epaper.ajitjalandhar.com/edition/20240222/19/6.cms

CATION, GURUSAR SADHAR, LUDHIANA
NCE 1955

11-03-2024

**ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ**

**ਜੀ.ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵਿਖੇ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ**

ਜੀ.ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵਿਖੇ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ, ਜਿਸ ਦਾ ਮੁੱਖ ਉਦੇਸ਼ ਐੱਮ. ਐੱਡ. ਦੇ ਵਿਦਿਆਰਥੀਆਂ ਲਈ ਖੋਜ ਪ੍ਰਬੰਧ ਦੀ ਰੂਪਰੇਖਾ ਲਿਖਣ ਬਾਰੇ ਸੀ। ਇਸ ਵਰਕਸ਼ਾਪ ਵਿੱਚ ਉੱਘੇ ਸਿੱਖਿਆ ਸ਼ਾਸਤਰੀ ਡਾ. ਖੁਸ਼ਵਿੰਦਰ ਕੁਮਾਰ ਜੀ ਵਿਸ਼ੇਸ਼ ਸ੍ਰੋਤ ਵਿਅਕਤੀ ਵਜੋਂ ਹਾਜ਼ਰ ਹੋਏ। ਇਹ ਵਰਕਸ਼ਾਪ ਕਾਲਜ ਦੇ ਰਿਸਰਚ ਸੈੱਲ ਵੱਲੋਂ ਲਗਾਈ ਗਈ। ਡਾ. ਰਮਨਦੀਪ ਕੌਰ ਸਿੱਧੂ ਜੀ ਨੇ ਡਾ. ਖੁਸ਼ਵਿੰਦਰ ਕੁਮਾਰ ਜੀ ਨੂੰ 'ਜੀ ਆਇਆਂ' ਕਿਹਾ। ਡਾ. ਖੁਸ਼ਵਿੰਦਰ ਕੁਮਾਰ ਜੀ ਨੇ ਦੱਸਿਆ ਕਿ ਖੋਜ ਕਾਰਜ ਤੋਂ ਪਹਿਲਾਂ ਕਿਨ੍ਹਾਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਰੂਰੀ ਨਹੀਂ ਕਿ ਹਰ ਖੋਜ ਕਾਰਜ ਵਿੱਚ ਮਨੋਵਿਗਿਆਨ ਵਿਸ਼ੇ ਨੂੰ ਨਾਲ ਲੈਣਾ ਜ਼ਰੂਰੀ ਹੈ। ਅਸੀਂ ਘੱਟ ਦੱਤ ਸਮੱਗਰੀ ਦੀ ਵਰਤੋਂ ਕਰਦੇ ਹੋਏ ਸਕੂਲਾਂ ਦੇ ਅੰਦਰ, ਮਾਪਿਆਂ ਦੇ ਘਰਾਂ ਆਦਿ ਵਿੱਚ ਜਾ ਕੇ ਸਰਵੇਖਣ ਕਰ ਕੇ ਵੀ ਖੋਜ ਕਾਰਜ ਕਰ ਸਕਦੇ ਹਾਂ ਜਿਸ ਨਾਲ ਸਾਡੀ ਖੋਜ ਹੋਰ ਵੀ ਜ਼ਿਆਦਾ ਭਰੋਸੇਯੋਗ ਅਤੇ ਪ੍ਰਮਾਣਿਕ ਬਣ ਸਕਦੀ ਹੈ। ਅਖੀਰ ਵਿੱਚ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਰਿਸਰਚ ਸੈੱਲ ਇੰਚਾਰਜ ਸਾਹਿਬਾਨਾਂ ਨੂੰ ਵਧਾਈ ਦਿੱਤੀ।



-





जीएचजी खालसा कालेज आफ एजुकेशन गुरुसर सुधार में वर्कशाप में छात्रों को संबोधित करते रिसोर्सपर्सन डा.खुशविंदर कुमार व साथ में प्रिंसिपल डा प्रगट सिंह गरचा • सौ. कालेज

# जीएचजी खालसा कालेज आफ एजुकेशन में कार्यशाला करवाई

जासं, जगराओ : जीएचजी खालसा कालेज आफ एजुकेशन गुरुसर सुधार में एक दिवसीय कार्यशाला करवाई गई। जिसका मुख्य उद्देश्य एमएड के विद्यार्थियों के लिए रिसर्च प्रबंध की रूपरेखा लिखने के बारे था। इस कार्यशाला में प्रसिद्ध शिक्षाशास्त्री डा.खुशविंदर कुमार विशेष रिसोर्सपर्सन हुए। यह कार्यशाला कालेज के रिसर्च सेल में लगाई गई। डा.रमनदीप कौर सिद्धु ने डा.खुशविंदर कुमार का स्वागत किया। रिसोर्सपर्सन डा.खुशविंदर कुमार ने कहा कि रिसर्च कार्य करने से पहले कौन-कौन सी बातों का ध्यान रखना चाहिए।

उन्होंने कहा कि जरूरी नहीं कि हर रिसर्च कार्य में मनोविज्ञान विषय को साथ लेना जरूरी है। हम कम साम्रगी का उपयोग करते हुए स्कूलों के अंदर व अभिभावकों के घरों मे जाकर सर्वेक्षण करके ही रिसर्च कार्य कर सकते है। जिससे हमारी रिसर्च और भी अधिक विश्ववसनीय रिसर्च कर सकते है। जिससे हमारी रिसर्च और भी अधिक भरोसेयोगय व प्रमाणिक बन सकते है। प्रिंसिपल डा.प्रगट सिंह गरचा ने कहा कि विद्यार्थियों को पढ़ाई के साथ ऐसी वर्कशप में भाग लेना चाहिए।



-



ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦੇ ਰਿਸਰਚ ਸੈੱਲ ਵਲੋਂ ਲਗਾਈ ਵਰਕਸ਼ਾਪ ਮੌਕੇ ਸੰਬੋਧਨ ਕਰਦੇ ਹੋਏ ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਡਾ. ਖੁਸਵਿੰਦਰ ਕੁਮਾਰ ਅਤੇ ਪ੍ਰਿੰਸੀਪਲ ਡਾ. ਪ੍ਰਗਟ ਸਿੰਘ ਗਰਚਾ। ਅਜੀਤ ਤਸਵੀਰ

# ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵਿਖੇ ਵਰਕਸ਼ਾਪ ਕਰਵਾਈ

ਗੁਰੂਸਰ ਸੁਧਾਰ, 11 ਮਾਰਚ (ਜਗਪਾਲ ਸਿੰਘ ਸਿਵੀਆਂ)-ਜੀ.ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵਿਖੇ ਇਕ ਰੋਜ਼ਾ ਵਰਕਸ਼ਾਪ ਕਰਵਾਈ ਗਈ, ਜਿਸ ਦਾ ਮੁੱਖ ਉਦੇਸ਼ ਐੱਮ.ਐੱਡ. ਦੇ ਵਿਦਿਆਰਥੀਆਂ ਲਈ ਖੋਜ ਪ੍ਰਬੰਧ ਦੀ ਰੂਪ-ਰੇਖਾ ਲਿਖਣ ਬਾਰੇ ਸੀ। ਵਰਕਸ਼ਾਪ 'ਚ ਉੱਘੇ ਸਿੱਖਿਆ ਸ਼ਾਸਤਰੀ ਡਾ. ਖੁਸ਼ਵਿੰਦਰ ਕੁਮਾਰ ਜੀ ਵਿਸ਼ੇਸ਼ ਸ੍ਰੋਤ ਵਿਅਕਤੀ ਵਜੋਂ ਹਾਜ਼ਰ ਹੋਏ। ਵਰਕਸ਼ਾਪ ਕਾਲਜ ਦੇ ਰਿਸਰਚ ਸੈੱਲ ਵਲੋਂ ਲਗਾਈ ਗਈ। ਡਾ. ਰਮਨਦੀਪ ਕੌਰ ਸਿੱਧੂ ਨੇ ਡਾ. ਖੁਸ਼ਵਿੰਦਰ ਕੁਮਾਰ ਜੀ ਨੂੰ 'ਜੀ ਆਇਆਂ' ਕਿਹਾ। ਡਾ. ਖੁਸ਼ਵਿੰਦਰ ਕੁਮਾਰ ਨੇ ਦੱਸਿਆ ਕਿ ਖੋਜ ਕਾਰਜ ਤੋਂ ਪਹਿਲਾਂ ਕਿਨ੍ਹਾਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਅਖੀਰ 'ਚ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਰਿਸਰਚ ਸੈੱਲ ਇੰਚਾਰਜ ਸਾਹਿਬਾਨਾਂ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰੋਫੈਸਰ ਡਾ. ਜਗਜੀਤ ਸਿੰਘ ਪੰਜਾਬੀ ਵਿਭਾਗ, ਸੁਖਚੈਨ ਸਿੰਘ, ਹਰਦੀਪ ਸਿੰਘ, ਡਾ. ਰਮਨਦੀਪ ਕੌਰ, ਡਾ. ਰਛਪਾਲ ਸਿੰਘ, ਹਰਪਾਲ ਸਿੰਘ, ਬਿਕਰਮ ਸਿੰਘ, ਡਾ. ਮਿਨੀ ਸ਼ਰਮਾ, ਡਾ. ਜਸਵੀਰ ਕੌਰ, ਡਾ. ਜਸਲੀਨ ਕੌਰ, ਡਾ. ਮਨਪ੍ਰੀਤ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

ਅਜੀਤ ®© 14-Mar-2024
Page: 8

http://epaper.ajitjalandhar.com/edition/20240314/19/8.cms





-

**13-03-2024**

## ਪੰਜਾਬੀ ਵਿਭਾਗ ਵੱਲੋਂ ਸ. ਬਖਤਾਵਰ ਸਿੰਘ ਗਿੱਲ ਯਾਦਗਾਰੀ ਸਮਾਗਮ  ਦੌਰਾਨ ਸ਼ਬਦ ਗਾਇਨ, ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਖ਼ੂਨ ਦਾਨ

ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ਼ਿਜ (ਡਿਗਰੀ ਕਾਲਜ, ਕਾਲਜ ਆਫ਼ ਐਜੂਕੇਸ਼ਨ ਤੇ ਕਾਲਜ ਆਫ਼ ਫਾਰਮੇਸੀ) ਦੇ ਸਾਬਕਾ ਪ੍ਰਧਾਨ ਸਵਰਗਵਾਸੀ ਸ੍ਰ. ਬਖਤਾਵਰ ਸਿੰਘ ਗਿੱਲ ਦੀ ਨਿੱਘੀ ਯਾਦ ਨੂੰ ਸਮਰਪਿਤ ਯਾਦਗਦਾਰੀ ਸਮਾਗਮ ਹਰ ਸਾਲ ਦੀ ਤਰ੍ਹਾਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਵਿੱਚ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦੇ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਅਤੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਣ ਅਤੇ ਖ਼ੂਨ ਦਾਨ ਕੀਤਾ ਗਿਆ। ਬੀ. ਐੱਡ. ਦੇ ਵਿਦਿਆਰਥੀਆਂ ਨੇ ਸਾਰੰਗ ਰਾਗ ਵਿੱਚ 'ਸੁਭ ਬਚਨ ਬੋਲਿ ਗੁਨ ਅਮੋਲ' ਸ਼ਬਦ ਪ੍ਰਸਤੁਤ ਕੀਤਾ। ਜੇਤੂ ਵਿਦਿਆਰਥੀਆਂ ਵਿੱਚ ਚੇਤਨਾ ਰਾਣੀ, ਪ੍ਰਿਆ, ਰਮਨਦੀਪ ਕੌਰ, ਇੰਦਰਜੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਸ਼ਾਮਲ ਸਨ। ਜੇਤੂਆਂ ਨੂੰ ਜੀ.ਐਚ.ਜੀ. ਖਾਲਸਾ ਕਾਲਜ਼ਿਜ ਵਲੋਂ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।









-


NSS UNIT (BOYS & GIRLS)
GHG KHALSA COLLEGE
GURUSAR SADHAR (LUDHIANA)
BLOOD DONATION CAMP
Blood Donation Camp
RED RIBBON CLUB


G.H.G. KHALSA COLLEGE, GURUSAR SADHAR
Ludhiana [Punjab] - 141104
www.ghgcollegesadhar.org

# 2022-23 ਦੌਰਾਨ ਸਾਂਝੇ ਤੌਰ 'ਤੇ (ਕਿਸੇ ਵਿਭਾਗ ਨਾਲ ਮਿਲ ਕੇ)

# ਜਾਂ ਇਕਹਰੇ ਪੱਧਰ 'ਤੇ

# ਪੰਜਾਬੀ ਸਾਹਿਤ ਸਭਾ,

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ

# ਕਰਵਾਈਆਂ ਗਤੀਵਿਧੀਆਂ

**ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ - ਡਾ. ਜਗਜੀਤ ਸਿੰਘ**

**ਪੰਜਾਬੀ ਸਾਹਿਤ ਸਭਾ ਦੇ ਹੋਰ ਮੈਂਬਰ-**

| | |
|---|---|
| **ਸਰਪ੍ਰਸਤ** | **ਡਾ. ਜਗਜੀਤ ਸਿੰਘ** |
| **ਪ੍ਰਧਾਨ** | **ਸੁਖਦੇਵ ਸਿੰਘ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 446** |
| **ਮੀਤ ਪ੍ਰਧਾਨ** | **ਨਵਦੀਪ ਕੌਰ, ਬੀ. ਐੱਡ. ਸਮੈਸਟਰ ਤੀਜਾ, ਰੋਲ ਨੰਬਰ 341** |
| **ਜਰਨਲ ਸਕੱਤਰ** | **ਅਮਨਜੋਤ ਸਿੰਘ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 467** |
| **ਪ੍ਰੈੱਸ ਸਕੱਤਰ** | **ਵਿਧਾਂਸ਼ੂ, ਬੀ. ਐੱਡ. ਸਮੈਸਟਰ ਤੀਜਾ, ਰੋਲ ਨੰਬਰ 367** |
| **ਮੈਂਬਰ** | **'ਪੰਜਾਬੀ ਅਧਿਆਪਨ' ਪੜ੍ਹਨ ਵਾਲੇ ਸਾਰੇ ਵਿਦਿਆਰਥੀ** |

## ਪੰਜਾਬੀ ਸਾਹਿਤ ਸਭਾ ਦੇ ਉਦੇਸ਼

1) ਪੰਜਾਬੀ ਸਾਹਿਤ ਸਭਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਵੱਧ ਤੋਂ ਵੱਧ ਵਿਕਾਸ ਕਰਨ ਲਈ ਪੰਜਾਬੀ ਵਿੱਚ ਸਾਹਿਤ ਰੁਚੀ ਵਿੱਚ ਰੱਖਣ ਵਾਲੇ ਸਕੂਲੀ ਅਤੇ ਕਾਲਜ ਦੇ ਵਿਦਿਆਰਥੀ, ਪੰਜਾਬੀ ਸਾਹਿਤ ਦੇ ਭਵਿੱਖ ਨਿਰਮਾਤਾ ਅਤੇ ਨਵੇਂ ਪੁੰਗਰ ਰਹੇ ਲੇਖਕਾਂ ਨੂੰ ਸਾਹਿਤ ਦੀ ਹਰ ਵਿਧਾ ਬਾਰੇ ਯੋਗ ਤੇ ਸਾਰਥਕ ਸੇਧ ਦੇਣੀ ਹੈ।

2) ਵਿਦਿਆਰਥੀਆਂ ਦੀ ਹੱਥ ਲਿਖਤ ਨੂੰ ਸੁਲੇਖ ਮੁਕਾਬਲੇ ਦੁਆਰਾ ਨਿਖਾਰਨਾ।

3) ਵਿਦਿਆਰਥੀਆਂ ਦੀਆਂ ਸਾਹਿਤਿਕ ਉਪਲੱਬਧੀਆਂ 'ਤੇ ਕਿਤਾਬਾਂ ਆਦਿ ਇਨਾਮ ਦੇ ਤੌਰ 'ਤੇ ਦੇਣੀਆਂ।

4) ਵੱਖ ਵੱਖ ਕਾਲਜ ਅਤੇ ਯੂਨੀਵਰਸਿਟੀਆਂ ਤੋਂ ਆਪਣੇ ਵਿਸ਼ੇ ਦੇ ਮਾਹਰ (ਜਿਵੇਂ ਪੰਜਾਬੀ ਭਾਸ਼ਾ, ਧਰਮ ਆਦਿ ) ਤੋਂ ਵਿਸ਼ੇਸ਼ ਲੈਕਚਰ ਕਰਵਾਉਣੇ।

| ਲੜੀ ਨੰਬਰ | ਮਿਤੀ | ਗਤੀਵਿਧੀਆਂ |
|---|---|---|
| 1 | 28-09-2022 | ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ115ਵਾਂ ਜਨਮ ਦਿਨ ਮਨਾਇਆ। |
| 2 | 20-10-2022 | ਸਧਾਰ ਕਾਲਜ ਵਿਖੇ ਪੁਸਤਕ ਪ੍ਰਦਰਸ਼ਨੀ ਅਤੇ ਕਿਤਾਬ ਲੇਖਣ ਬਾਰੇ ਵਿਸ਼ੇਸ਼ ਲੈਕਚਰ |
| 3 | 12-11-2022 | ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਐਲੂਮਨੀ ਮੀਟ ਅਤੇ ਕਵੀ ਦਰਬਾਰ |
| 4 | 21-02-2023 | ਸਕੂਲੀ, ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ ਪੰਜਾਬੀ ਸੁਲੇਖ ਮੁਕਾਬਲਾ |
| 5 | 17-03-2023 | ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ16ਵਾਂ ਵਿਸ਼ਵ ਨੀਂਦ ਦਿਵਸ ਮਨਾਇਆ ਗਿਆ। |
| 6 | 22-03-2023 | ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਵਿਸ਼ਵ ਕਵਿਤਾ ਦਿਵਸ ਮਨਾਇਆ ਗਿਆ। |
| 7 | 23-03-2023 | ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਅਲੂਮਨੀ ਮੀਟ ਕੀਤੀ |
| 8 | 21,22-04-2023 | ਸਧਾਰ ਕਾਲਜ ਵਿਖੇ ਆਈ.ਸੀ.ਐੱਸ.ਐੱਸ.ਆਰ ਦੇ ਸਹਿਯੋਗ ਨਾਲ ਰਾਸ਼ਟਰੀ ਪੱਧਰ ਦਾ ਸੈਮੀਨਾਰ ਕਰਵਾਇਆ ਗਿਆ |
| 9 | 07-03-2023 | ਹਰੀਕੇ ਪੱਤਣ ਅਤੇ ਸੁਲਤਾਨਪੁਰ ਲੋਧੀ-ਇੱਕ ਦਿਨ ਦਾ ਵਿੱਦਿਅਕ ਟੂਰ ਲਗਾਇਆ ਗਿਆ, ਜਿਸ ਵਿੱਚ ਕਾਲਜ ਦੇ ਪ੍ਰਿੰਸੀਪਲ, ਸਟਾਫ਼ ਅਤੇ ਬੀ. ਐੱਡ., ਐੱਮ. ਐੱਡ. ਅਤੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ੍ਹਾਂ ਗਾਈਡੈਂਸ ਐਂਡ ਕਾਊਂਸਲਿੰਗ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। |
| 10 | 20-07-2023 | ਪੰਜਾਬੀ ਵਿਭਾਗ ਅਤੇ ਸਕਾਲਰਸ਼ਿਪ ਸੈੱਲ ਵੱਲੋਂ ਸਕਾਲਰਸ਼ਿਪ ਅਵੇਅਰਨੈੱਸ ਵੀਕ ਮਨਾਇਆ ਗਿਆ |



-

**28-09-2022**

## ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

### ਸਧਾਰ ਕਾਲਜ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ115ਵਾਂ ਜਨਮਦਿਨ ਮਨਾਇਆ

ਪੰਜਾਬ ਸਰਕਾਰ ਅਤੇ ਡੀ.ਪੀ.ਆਈ. (ਕਾਲਜਾਂ) ਦੀਆਂ ਹਦਾਇਤਾਂ ਮੁਤਾਬਕ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਦੇ 115ਵੇਂ ਜਨਮ ਦਿਵਸ ਮਨਾਇਆ ਗਿਆ। ਇਹ ਦਿਨ ਜੀ. ਐੱਚ. ਜੀ-ਬੀ. ਐੱਡ. ਕਾਲਜ, ਡਿੱਗਰੀ ਕਾਲਜ ਅਤੇ ਫਾਰਮੈਸੀ ਕਾਲਜ ਵੱਲੋਂ ਸਾਂਝੇ ਤੌਰ ’ਤੇ ਮਨਾਇਆ ਗਿਆ। ਸਵੇਰ ਦੇ 7.00 ਵਜੇ ਵਿਦਿਆਰਥੀ ਅਤੇ ਅਧਿਆਪਕਾਂ ਦੁਆਰਾ ਸਾਈਕਲ ਰੈਲੀ ਕੱਢੀ ਗਈ। ਇਹ ਰੈਲੀ ਜੀ.ਐੱਚ.ਜੀ. ਖ਼ਾਲਸਾ ਕਾਲਜ ਤੋਂ ਜੀ. ਐੱਚ. ਜੀ.ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਅਤੇ ਐਕਸਚੇਂਜ ਰੋਡ ਹੁੰਦੇ ਹੋਏ ਅਖੀਰ ਵਿੱਚ ਡਿੱਗਰੀ ਕਾਲਜ ਪਹੁੰਚੀ।

ਕਾਲਜ ਦੀ ਪੰਜਾਬੀ ਸਾਹਿਤ ਸਭਾ ਦੇ ਉੱਦਮ ਸਦਕਾ 11.00 ਵਜੇ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰਵਾਇਆ ਗਿਆ, ਜਿਸ ਦਾ ਵਿਸ਼ਾ 'ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਇੱਕ ਝਾਤ' ਸੀ। ਇਸ ਮੋਕੇ ਗੋਵਿੰਦ ਨੈਸ਼ਨਲ ਕਾਲਜ, ਨਾਰੰਗਵਾਲ, ਲੁਧਿਆਣਾ ਦੇ ਪੰਜਾਬੀ ਵਿਭਾਗ ਦੇ ਮੁਖੀ, ਪ੍ਰੋ. ਗੁਰਪ੍ਰੀਤ ਸਿੰਘ ਵਿਸ਼ੇਸ਼ ਬੁਲਾਰੇ ਵਜੋਂ ਪਹੁੰਚੇ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਗੁਲਦਸਤਾ ਭੇਂਟ ਕਰਦੇ ਹੋਏ ਪ੍ਰੋ. ਗੁਰਪ੍ਰੀਤ ਸਿੰਘ ਜੀ ਨੂੰ ’ਜੀ ਆਇਆਂ’ ਕਿਹਾ। ਕਾਲਜ ਦੇ ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਅੱਜ ਦੇ ਮੁੱਖ ਮਹਿਮਾਨ ਨਾਲ ਸਭ ਨੂੰ ਰੂ-ਬ-ਰੁ ਕਰਵਾਇਆ ਅਤੇ ਅੱਜ ਦੇ ਵਿਸ਼ੇਸ਼ ਲੈਕਚਰ ਬਾਰੇ ਸੰਖੇਪ ਜਾਣਕਾਰੀਦਿੱਤੀ।

ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰੋ. ਗੁਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਸ. ਭਗਤ ਸਿੰਘ ਨੂੰ ਸਿਰਫ਼ ਸ਼ਹੀਦ ਕਹਿ ਦੇਣਾ ਕਾਫ਼ੀ ਨਹੀਂ। ਉਨ੍ਹਾਂ ਨੂੰ ਇੱਕ ਮਹਾਨ ਫ਼ਿਲਾਸਫ਼ਰ, ਚਿੰਤਨਸ਼ੀਲ, ਪ੍ਰਤੀਬੱਧ ਅਤੇ ਵਿਚਾਰਵਾਦੀ ਮਨੁੱਖ ਸੀ। ਭਗਤ ਸਿੰਘ ਜੀ ਦੀ ਸ਼ਖ਼ਸੀਅਤ ਉਸ ਵੇਲੇ ਦੇ ਸਮਾਜਿਕ ਹਾਲਾਤ ਤੋਂ ਬਹੁਤ ਪ੍ਰਭਾਵਿਤ ਸੀ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਕਿਹਾ ਕਿ ਭਗਤ ਸਿੰਘ ਇਕ ਵਿਚਾਰਧਾਰਾ ਦਾ ਨਾਮ ਹੈ। ਭਗਤ ਸਿੰਘ ਇਕ ਸੋਚ ਹੈ ਜੋ ਗਿਆਨ ਵੰਡਦੀ ਹੈ। ਇਸ ਤੋਂ ਬਾਅਦ ਪ੍ਰਿੰਸੀਪਲ ਸਾਹਿਬ ਨੇ ਅੱਜ ਦੇ ਮੁੱਖ ਬੁਲਾਰੇ ਪ੍ਰੋ. ਗੁਰਪ੍ਰੀਤ ਸਿੰਘ ਜੀ ਦਾ ਧੰਨਵਾਦ ਕੀਤਾ।

ਸ਼ਾਮ ਨੂੰ 4.00 ਵਜੇ ਕਾਲਜ ਦੇ ਰੰਗਮੰਚ ਵਿਭਾਗ ਵੱਲੋਂ ‘ਸੁੱਤਾ ਇਨਕਲਾਬ’ ਨਾਂ ਦਾ ਨਾਟਕ ਪੇਸ਼ ਕੀਤਾ ਗਿਆ। ਜੀ.ਐੱਚ.ਜੀ ਕਾਲਜ ਗਵਰਨਿੰਗ ਕਾਂਸਲ ਦੇ ਪ੍ਰਧਾਨ ਸ. ਮਨਜੀਤ ਸਿੰਘ ਗਿੱਲ ਜੀ ਅਤੇ ਸਕੱਤਰ ਡਾ. ਐੱਸ. ਐੱਸ. ਥਿੰਦ ਜੀ ਨੇ ਪ੍ਰਿੰਸੀਪਲ ਸਾਹਿਬ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਕਿਹਾ ਕਿ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਾਈਕਲ ਰੈਲੀ, ਵਿਸ਼ੇਸ਼ ਲੈਕਚਰ ਅਤੇ ਵਿਸ਼ੇਸ਼ ਨਾਟਕ ਕਰਵਾ ਕੇ ਮਨਾਉਣਾ ਅੱਜ ਦੇ ਯੂਥ ਲਈ ਬਹੁਤ ਵਧੀਆ ਸਾਬਤ ਹੋਵੇਗਾ। ਅਖੀਰ ਵਿੱਚ ਰਾਸ਼ਟਰੀ ਗੀਤ ਦੀ ਧੁਨੀ ਨਾਲ ਅੱਜ ਦਾ ਪ੍ਰੋਗਰਾਮ ਸੰਪੰਨ ਕੀਤਾ ਗਿਆ।



-


ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ ਦੀ
http://www.ghgcollegesadhar.org
ਪੰਜਾਬੀ ਸਾਹਿਤ ਸਭਾ
ਵਲੋਂ
ਸਰਦਾਰ ਭਗਤ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ
ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ 'ਤੇ ਇਕ ਝਾਤ- ਵਿਸ਼ੇਸ਼ ਲੈਕਚਰ
ਮਿਤੀ 28-09-2022 (ਸਮਾਂ - 10.00 ਵਜੇ, ਸਥਾਨ- ਕਾਲਜ ਹਾਲ )
ਕਰਵਾਇਆ ਜਾ ਰਿਹਾ ਹੈ।
ਮੁੱਖ ਬੁਲਾਰੇ
ਪ੍ਰੋ . ਗੁਰਪ੍ਰੀਤ ਸਿੰਘ
ਮੁਖੀ
ਪੰਜਾਬੀ ਵਿਭਾਗ
ਗੋਵਿੰਦ ਨੈਸ਼ਨਲ ਕਾਲਜ ਨਾਰੰਗਵਾਲ
ਮੁਖੀ ਸਰਪ੍ਰਸਤ
ਡਾ. ਪਰਗਟ ਸਿੰਘ ਗਰਚਾ
ਪ੍ਰਿੰਸੀਪਲ,
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ
ਆਯੋਜਕ
ਡਾ. ਜਗਜੀਤ ਸਿੰਘ
ਸਹਾਇਕ ਪ੍ਰੋਫ਼ੈਸਰ (ਪੰਜਾਬੀ ਵਿਭਾਗ),
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ







-






2022/9/28 12:18



-

## 20-10-2022

# ਸਧਾਰ ਕਾਲਜ ਵਿਖੇ ਪੁਸਤਕ ਪ੍ਰਦਰਸ਼ਨੀ ਅਤੇ ਕਿਤਾਬ ਲੇਖਣ ਬਾਰੇ ਵਿਸ਼ੇਸ਼ ਲੈਕਚਰ

ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਦੇ ਲਾਇਬ੍ਰੇਰੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ ਵੱਲੋਂ ਕਾਲਜ ਵਿਖੇ ਪੁਸਤਕ ਪ੍ਰਦਰਸ਼ਨੀ ਅਤੇ ਕਿਤਾਬ ਲੇਖਣ ਬਾਰੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ । ਇਸ ਵਿੱਚ ਡਾ. ਸੰਦੀਪ ਸ਼ਰਮਾ ਜੀ, ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ ਅਤੇ ਉੱਘੇ ਮਿੰਨੀ ਕਹਾਣੀਕਾਰ ਸ. ਰਘਬੀਰ ਸਿੰਘ ਮਹਿਮੀ ਜੀ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਇਸ ਵਿਸ਼ੇਸ਼ ਲੈਕਚਰ ਦੀ ਸ਼ੁਰੂਆਤ ਕਾਲਜ ਸ਼ਬਦ 'ਦੇਹ ਸਿਵਾ ਬਰ ਮੋਹਿ ਇਹੈ' ਤੋਂ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਮੁੱਖ ਮਹਿਮਾਨਾਂ ਨੂੰ ਰਸਮੀ ਜੀ ਆਇਆਂ ਕਰਦੇ ਹੋਏ ਕਿਹਾ ਕਿ ਸਾਨੂੰ ਸਭ ਨੂੰ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ ਅਤੇ ਇਸ ਲਈ ਜ਼ਰੂਰੀ ਹੈ ਕਿ ਅਸੀਂ ਕਿਤਾਬਾਂ ਲੈ ਕੇ ਆਪਣੇ ਘਰ ਆਈਏ। ਕਦੇ ਨਾ ਕਦੇ ਅਸੀਂ ਕਿਤਾਬ ਜ਼ਰੂਰ ਪੜ੍ਹਾਂਗੇ।

ਡਾ. ਸੰਦੀਪ ਸ਼ਰਮਾ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ, ਜਿਸ ਤਰ੍ਹਾਂ ਰੋਟੀ ਖਾਣ ਲੱਗਿਆਂ ਸਾਨੂੰ ਇਹ ਸੋਚਣਾ ਨਹੀਂ ਪੈਂਦਾ ਕਿ ਕਿਸ ਤਰ੍ਹਾਂ ਬੁਰਕੀ ਤੋੜਨੀ ਹੈ, ਕਿੰਨੀ ਕੁ ਸਬਜ਼ੀ ਇਕ ਬੁਰਕੀ ਨਾਲ ਲਗਾਉਣੀ ਹੈ ਅਤੇ ਕਦੇ ਵੀ ਖਾਂਦੇ ਖਾਂਦੇ ਉਹ ਬੁਰਕੀ ਸਾਡੀ ਅੱਖ ਵਿੱਚ ਨਹੀਂ ਜਾਂਦੀ । ਬਹੁਤ ਹੀ ਸਹਿਜ ਸੁਭਾਅ ਉਹ ਰੋਟੀ ਦੀ ਬੁਰਕੀ ਸਾਡੇ ਮੂੰਹ ਅੰਦਰ ਚਲੀ ਜਾਂਦੀ ਹੈ। ਅਜਿਹਾ ਸਹਿਜ ਸਾਡੀ ਜ਼ਿੰਦਗੀ ਵਿੱਚ ਹਮੇਸ਼ਾ ਹੋਣਾ ਚਾਹੀਦਾ ਹੈ।

ਮਹਿਮੀ ਸਾਹਿਬ ਨੇ ਆਪਣੀ ਨਿੱਜੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦੇ ਹੋਏ ਕਿਹਾ ਕਿ ਹਰ ਵਿਅਕਤੀ ਇੱਕ ਲੇਖਕ ਹੋ ਸਕਦਾ ਹੈ। ਦਫ਼ਤਰੀ ਕੰਮ ਕਰਦਾ ਕਰਮਚਾਰੀ, ਰੇਹੜੀ ਲਗਾਉਣ ਵਾਲਾ, ਦਿਹਾੜੀ ਕਰਨ ਵਾਲਾ ਹਰ ਇਨਸਾਨ ਰੋਜ਼ ਹੋ ਰਹੀਆਂ ਗੱਲਾਂ ਨੂੰ ਸ਼ਬਦ ਦੇ ਕੇ ਲਿਖ ਸਕਦਾ ਹੈ ਅਤੇ ਹੋਲੀ ਹੋਲੀ ਅਜਿਹਾ ਛੋਟਾ-ਮੋਟਾ ਲਿਖਦੇ ਹੋਏ ਆਮ ਇਨਸਾਨ ਇੱਕ ਵਧੀਆ ਲੇਖਕ ਬਣ ਸਕਦੇ ਹਨ।

ਇਸ ਮੌਕੇ ਤੇ ਲਾਇਬ੍ਰੇਰੀ ਵਿਭਾਗ ਤੋਂ ਸ. ਜਗਤਾਰ ਸਿੰਘ ਜੀ ਵਲੋਂ ਪੁਸਤਕ ਪ੍ਰਦਰਸ਼ਨੀ ਵੀ ਕਰਵਾਈ ਗਈ, ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ, ਧਰਮ, ਇਤਿਹਾਸ, ਸਿੱਖਿਆ, ਮਨੋਵਿਗਿਆਨ ਆਦਿ ਨਾਲ ਸੰਬੰਧਿਤ ਪੁਸਤਕਾਂ ਸ਼ਾਮਲ ਸਨ। ਸਮੁੱਚੇ ਪ੍ਰੋਗਰਾਮ ਦੌਰਾਨ ਮੰਚ ਦਾ ਸੰਚਾਲਨ ਡਾ. ਜਗਜੀਤ ਸਿੰਘ ਅਤੇ ਸ. ਹਰਦੀਪ ਸਿੰਘ ਨੇ ਕੀਤਾ । ਅਖੀਰ ਵਿੱਚ ਰਾਸ਼ਟਰੀ ਗੀਤ ਦੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।



-


GHG KHALSA COLLEGE OF EDUCATION


Guest of Honour
GHG Khalsa College of Education




GHG KHALSA COLLEGE of EDUCATION
BOOK TALK
DR. SANDEEP SHARMA
S. RAGHBIR SINGH
20-OCT-2022
GHG KHALSA COLLEGE OF EDUCATION



-


GHG KHALSA COLLEGE OF
EDUCATION GURUSAR SADHAR
BOOK TALK & BOOK EXHIBITION
BY
DR. SANDEEP SHARMA
S. RAGHBIR SINGH MEHMMI
DR. JAGJIT SINGH
Date : 20/10/2022
Time : 11:00 am
at Library
PATRON:- DR. PARGAT SINGH GARCHA
PRINCIPAL OF GHG KHALSA COLLEGE OF EDUCATION GURUSAR SADHAR







-

## 12-11-2022

# ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਐਲੂਮਨੀ ਮੀਟ ਅਤੇ ਕਵੀ ਦਰਬਾਰ

ਅੱਜ ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਐਲੂਮਨੀ ਮੀਟ ਕਰਵਾਈ ਗਈ, ਜਿਸ ਵਿੱਚ ਉੱਘੇ ਕਵੀ ਸ. ਜਸਵੰਤ ਜ਼ਫ਼ਰ ਜੀ ਨੇ ਮੁੱਖ ਮਹਿਮਾਨ ਵਜੋਂ ਅਤੇ ਸੁਖਵਿੰਦਰ ਸਿੰਘ ਜੀ ਗੁਰਮ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਰਨਾਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਭੂਮਿਕਾ ਨਿਭਾਈ। ਇਸ ਅਲੂਮਨੀ ਮੀਟ ਵਿੱਚ ਮਈ 2022 ਤੱਕ ਰਹਿਣ ਵਾਲੇ 50 ਤੋਂ ਵੱਧ ਵਿਦਿਆਰਥੀ ਅਤੇ ਅਧਿਆਪਕਾਂ ਨੇ ਹਾਜਰੀ ਲਗਵਾਈ।

ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਦੇ ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਅਤੇ ਟੀਮ ਨੇ ''ਦੇਹ ਸਿਵਾ ਬਰ ਮੋਹਿ ਇਹੈ'' ਨਾਲ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਅਤੇ ਐਲੂਮਨੀ ਐਸੋਸੀਏਸ਼ਨ ਦੇ ਕਾਰਜਕਾਰੀ ਸਕੱਤਰ ਡਾ. ਰਛਪਾਲ ਸਿੰਘ ਗਿੱਲ ਨੇ ਸਭ ਨੂੰ 'ਜੀ ਆਇਆਂ' ਕਿਹਾ। ਐਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਸ. ਸੰਤੋਖ ਸਿੰਘ ਗਿੱਲ ਨੇ ਕਿਹਾ ਕਿ ਇਹ ਕਾਲਜ ਸਮਾਜ ਦੇ ਬਹੁਤ ਸਾਰੇ ਸਕੂਲਾਂ ਅਤੇ ਕਾਲਜਾਂ ਨੂੰ ਅਣਗਿਣਤ ਅਧਿਆਪਕ ਅਤੇ ਪ੍ਰਿੰਸੀਪਲ ਦੇ ਚੁੱਕਾ ਹੈ, ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਹ ਕਾਲਜ ਵਧਾਈ ਦਾ ਪਾਤਰ ਹੈ।

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਵੰਬਰ 2022 ਦਾ ਮਹੀਨਾ ਪੰਜਾਬੀ ਮਾਂਹ ਵਜੋਂ ਮਨਾਉਂਦੇ ਹੋਏ ਇੱਕ ਵਿਸ਼ੇਸ਼ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਪ੍ਰਭਜੋਤ ਸੋਹੀ, ਜੋਗਿੰਦਰ ਨੂਰਮੀਤ, ਡਾ. ਯਸ਼ ਨਕੋਦਰੀ ਜੀ, ਰਾਜਦੀਪ ਤੂਰ, ਪਾਲੀ ਖਾਦਿਮ, ਰਵਿੰਦਰ ਰਵੀ, ਰਣਜੀਤ ਹਠੂਰ, ਰਮਨਜੀਤ ਸਿੰਘ ਅਤੇ ਅਮਰਜੀਤ ਸਿੰਘ ਜੀ ਨੇ ਆਪੋ ਆਪਣੀਆਂ ਰਚਨਾਵਾਂ ਕਵਿਤਾ ਦੇ ਰੂਪ ਵਿੱਚ ਪੇਸ਼ ਕੀਤੀਆਂ। ਕਾਲਜ ਦੀ ਬੀ. ਐੱਡ. ਦੀ ਵਿਦਿਆਰਥਣ ਰਮਨਦੀਪ ਕੌਰ ਨੇ ਲੋਕਗੀਤ ਮਿਰਜ਼ਾ ਪੇਸ਼ ਕਰਦੇ ਹੋਏ ਸਾਰੇ ਮਾਹੌਲ ਨੂੰ ਸੰਗੀਤਕ ਬਣਾ ਦਿੱਤਾ।

ਅੱਜ ਦੇ ਮੁੱਖ ਮਹਿਮਾਨ ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਅਧਿਆਪਕ ਇੱਕ ਅਜਿਹੀ ਸ਼ਖ਼ਸੀਅਤ ਹੈ ਜੋ ਹਰ ਵਿਦਿਆਰਥੀ ਦੇ ਦਿਲ ਵਿੱਚ ਅਹਿਮ ਥਾਂ ਬਣਾ ਲੈਂਦਾ ਹੈ। ਅਧਿਆਪਕ ਦਾ ਫ਼ਰਜ਼ ਹੈ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਾਵੇ ਹੀ ਨਹੀਂ ਬਲਕਿ ਪੜ੍ਹਨ ਲਗਾਵੇ। ਨਵੰਬਰ 2022 ਨੂੰ ਪੰਜਾਬੀ ਮਾਹ ਕਹਿੰਦੇ ਹੋਏ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਅੱਜ ਦੇ ਵਿਸ਼ੇਸ਼ ਮਹਿਮਾਨ ਸੁਖਵਿੰਦਰ ਸਿੰਘ ਗੁਰਮ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਰਨਾਲਾ ਨੇ ਕਿਹਾ ਕਿ 2004-05 ਵਿੱਚ ਜਦੋਂ ਉਨ੍ਹਾਂ ਐੱਮ. ਐੱਡ. ਕੀਤੀ ਤਾਂ ਇਸ ਕਾਲਜ ਦੀ ਪਾਕ-ਪਵਿੱਤਰ ਮਿੱਟੀ ਨੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਬਦਲ ਕੇ ਰੱਖ ਦਿੱਤਾ। ਉਹ ਖ਼ੁਦ ਕੁਝ ਵੀ ਨਹੀਂ, ਅੱਜ ਉਹ ਜਿਸ ਅਹੁਦੇ 'ਤੇ ਹਨ, ਉਹ ਇਸ ਕਾਲਜ ਦੇ ਅਧਿਆਪਕ ਸਾਹਿਬਾਨਾਂ ਦੀ ਬਦੌਲਤ ਹੀ ਹਨ।



-

ਮੰਚ ਤੇ ਸੁਸ਼ੋਭਿਤ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ, ਸੇਵਾ ਮੁਕਤ ਪ੍ਰਿੰਸੀਪਲ ਡਾ. ਜਗਜੀਤ ਸੰਘ ਬਰਾੜ, ਮਾਨ ਸਿੰਘ ਜੀ ਤੂਰ, ਸਰਬਜੀਤ ਸਿੰਘ ਤੂਰ, ਸੁਖਚੈਨ ਕੁਰੜ ਜੀ, ਅਲੂਮਨੀ ਪ੍ਰਧਾਨ ਪ੍ਰਿੰਸੀਪਲ ਸੰਤੋਖ ਸਿੰਘ ਗਿੱਲ ਦੇ ਨਾਲ ਐਲੂਮਨੀ ਐਸੋਸੀਏਸ਼ਨ ਦੇ ਕਾਰਜਕਾਰੀ ਸਕੱਤਰ ਡਾ. ਰਛਪਾਲ ਸਿੰਘ ਗਿੱਲ ਜੀ ਯੋਗ ਅਗਵਾਈ ਹੇਠ ਇਹ ਅਲੂਮਨੀ ਮੀਟ ਕਰਵਾਈ ਗਈ । ਸਮੁੱਚੇ ਪ੍ਰੋਗਰਾਮ ਵਿੱਚ ਮੰਚ ਦਾ ਸੰਚਾਲਨ ਡਾ. ਰਛਪਾਲ ਸਿੰਘ ਅਤੇ ਡਾ. ਜਗਜੀਤ ਸਿੰਘ ਨੇ ਕੀਤਾ।

ਇਸ ਪ੍ਰੋਗਰਾਮ ਵਿੱਚ ਬਹੁਤ ਸਾਰੇ ਮੈਂਬਰਾਂ ਨੇ ਮੰਚ ‘ਤੇ ਜਾ ਕੇ ਆਪਣੇ ਵਿਚਾਰ ਸਾਂਝੇ ਕੀਤੇ ਜਿਹਨਾ ਵਿੱਚ ਡ. ਸਵਰਨਜੀਤ ਸਿੰਘ ਦਿਓਲ, ਡਾ. ਮਾਨ ਸਿੰਘ ਤੂਰ, ਮੱਲ ਸਿੰਘ ਬੁਢੇਲ, ਪ੍ਰਿੰਸੀਪਲ ਸ੍ਰੀਮਤੀ ਕਰਮਜੀਤ ਕੌਰ ਗਰਚਾ, ਅਰਸ਼ਦੀਪ ਸਿੰਘ, ਆਦਰਸ਼ ਸੁਰਮਾ,ਬਲਵਿੰਦਰ ਸਿੰਘ, ਮਾਸਟਰ ਹਰਜੀਤ ਸਿੰਘ, ਜਸਵਿੰਦਰ ਸਿੰਘ, ਗੁਰਸਿਮਰਨ ਸਿੰਘ, ਡਾ. ਬਲਜਿੰਦਰ ਸਿੰਘ, ਲਖਵੀਰ ਸਿੰਘ ਲੱਖਾ, ਗੁਰਵਿੰਦਰ ਸਿੰਘ, ਡਾ. ਜਸਕਰਨਜੀਤ ਸਿੰਘ, ਮੈਡਮ ਗਗਨਦੀਪ ਕੌਰ, ਡਾ. ਗੁਰਵੀਰ ਸਿੰਘ, ਮੈਡਮ ਮਨਪ੍ਰੀਤ ਕੌਰ ਹਾਜਰ ਸਨ। ਅਖੀਰ ਵਿੱਚ ਡਾ. ਰਛਪਾਲ ਸਿੰਘ ਜੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਰਾਸ਼ਟਰੀ ਗੀਤ ਦੀ ਧੁਨੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।











ਪੰਜਾਬੀ ਜਾਗਰਣ

ਜੀਐੱਚਜੀ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਵਿਖੇ ਕਰਵਾਈ ਐਲੂਮਨੀ ਮੀਟ ਦੌਰਾਨ ਕਵੀ ਜਸਵੰਤ ਜ਼ਫ਼ਰ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ, ਕਾਲਜ ਸਟਾਫ਼ ਤੇ ਹੋਰ।

# ਖ਼ਾਲਸਾ ਕਾਲਜ ’ਚ ਕਰਵਾਇਆ ਕਵੀ ਦਰਬਾਰ

ਦਲਵਿੰਦਰ ਸਿੰਘ ਰਛੀਨ, ਰਾਏਕੋਟ



-

# 21-02-2023

# ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ ਪੰਜਾਬੀ ਸੁਲੇਖ ਮੁਕਾਬਲਾ

# ਮਿਤੀ : 21 ਫ਼ਰਵਰੀ 2023 ਦਿਨ ਮੰਗਲਵਾਰ

# (ਸਕੂਲੀ, ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ)

**ਸੁਲੇਖ ਸੰਬੰਧੀ ਨਿਯਮ**

**ਸੁਲੇਖ ਮੁਕਾਬਲੇ ਵਿੱਚ ਭਾਗ ਲੈਣ ਤੋਂ ਪਹਿਲਾਂ ਇੱਕ ਸਫ਼ੈਦ ਕਾਗ਼ਜ਼ ਲਵੋ। ਕਿਸੇ ਵੀ ਤਰ੍ਹਾਂ ਦਾ ਪੈੱਨ (ਜੇ ਸੰਭਵ ਹੋਵੇ ਤਾਂ ਜੈੱਲ ਪੈਨ) ਜਾਂ ਪੈਨਸਿਲ ਵਰਤ ਕੇ ਪਹਿਲਾਂ ਹੇਠ ਲਿਖੀ ਜਾਣਕਾਰੀ (ਆਪਣੇ ਆਪ ਬਾਰੇ) ਦਿਉ ਅਤੇ ਫੇਰ ਦਿੱਤਾ ਪੈਰ੍ਹਾ ਲਿਖ ਕੇ pbighgedu@gmail.com ’ਤੇ ਈ ਮੇਲ ਕਰ ਦਿਉ ਜੀ। ਕਿਰਪਾ ਕੇ ਇੱਕ ਵਾਰ ਹੀ ਈ ਮੇਲ ਕਰੋ ਜੀ। ਉਮੀਦ ਹੈ ਕਿ ਸੰਬੰਧਿਤ ਟੈਲੀਗ੍ਰਾਮ ਗਰੁੱਪ ਦੇ ਤੁਸੀਂ ਮੈਂਬਰ ਬਣ ਚੁੱਕੇ ਹੋ ਅਤੇ ਜੇਕਰ ਨਹੀਂ ਬਣੇ ਤਾਂ https://t.me/+CWJuDT64L5tiYmRl ’ਤੇ ਕਲਿੱਕ ਕਰ ਕੇ ਬਣ ਸਕਦੇ ਹੋ। ਇਸ ਗਰੁੱਪ ਦਾ ਮੈਂਬਰ ਬਣਨਾ ਜ਼ਰੂਰੀ ਹੈ ਕਿਉਂਕਿ ਇਨਾਮਾਂ ਅਤੇ ਪ੍ਰਮਾਣ ਪੱਤਰਾਂ ਨਾਲ ਸੰਬੰਧਿਤ ਜਾਣਕਾਰੀ ਉਸ ਗਰੁੱਪ ਵਿੱਚ ਹੀ ਪਾਈ ਜਾਵੇਗੀ।**



-

ਵਿਦਿਆਰਥੀਆਂ ਦਾ ਨਾਂ

ਮਾਤਾ ਜੀ ਦਾ ਨਾਂ

ਪਿਤਾ ਜੀ ਦਾ ਨਾਂ

ਜਮਾਤ

ਵਿਦਿਅਕ ਸੰਸਥਾ ਦਾ ਨਾਂ

ਜ਼ਿਲ੍ਹਾ

ਮੋਬਾਇਲ ਨੰਬਰ

ਪੰਜਾਬੀ ਦੇ ਬੜੇ ਥੋੜ੍ਹੇ ਸਾਹਿਤਕਾਰ ਹਨ ਜਿਨ੍ਹਾਂ ਦਾ ਬੋਲੀ 'ਤੇ ਪੂਰਾ ਕਾਬੂ ਹੈ। ਪ੍ਰਿੰਸੀਪਲ ਤੇਜਾ ਸਿੰਘ ਦੀ ਬੋਲੀ ਸਿੱਧੀ ਸਾਦੀ ਅਤੇ ਪ੍ਰਭਾਵਸ਼ਾਲੀ ਹੈ। ਸਾਡੇ ਹੋਰ ਵਾਰਤਕ ਲਿਖਾਰੀ ਜਾਂ ਤੇ ਆਪਣੀ ਲੇਖਣੀ 'ਤੇ ਬੌਧਿਕਤਾ ਦਾ ਭਾਰ ਪਾ ਦਿੰਦੇ ਹਨ ਜਾਂ ਉਪਭਾਵਕਤਾ ਤੋਂ ਕੰਮ ਲੈਂਦੇ ਹਨ। ਇਸ ਦੇ ਉਲਟ ਤੇਜਾ ਸਿੰਘ ਜੀ ਨਿੱਜੀ ਅਨੁਭਵਾਂ ਨੂੰ ਬੜੇ ਸਿੱਧੇ ਸਾਦੇ ਸ਼ਬਦਾਂ ਵਿੱਚ ਪੜ੍ਹਨ ਵਾਲਿਆਂ ਨਾਲ ਸਾਂਝਾ ਕਰਦੇ ਹਨ। ਇਨ੍ਹਾਂ ਦੀ ਵਾਰਤਕ ਵਿੱਚ ਜਿੱਥੇ ਨਵਾਂ ਖਿਆਲ ਤੇ ਵਾਕਫੀਅਤ ਹੁੰਦੀ ਹੈ ਉਥੇ ਇਨ੍ਹਾਂ ਦੇ ਨਿੱਜੀ ਤਜਰਬੇ ਵਾਰਤਕ ਵਿੱਚ ਕਹਾਣੀ ਜਿਹਾ ਸਵਾਦ ਭਰ ਦਿੰਦੇ ਹਨ। ਆਮ ਪੰਜਾਬੀ ਲੇਖਕ ਮਿਹਨਤ ਤੋਂ ਬਹੁਤ ਡਰਦੇ ਹਨ। ਕਈ ਅਜਿਹੇ ਲੇਖਕ ਹਨ ਜੋ ਛੇਤੀ ਛੇਤੀ ਮਗਰੋਂ ਲਾਹੁਣ ਵਾਲਾ ਕੰਮ ਕਰਦੇ ਹਨ ਤੇ ਉਨ੍ਹਾਂ ਦੀ ਲੇਖਣੀ ਦਾ ਪੱਧਰ ਇਸ ਤਰ੍ਹਾਂ ਬਹੁਤ ਨੀਵਾਂ ਹੋ ਜਾਂਦਾ ਹੈ। ਕਈ ਹੋਰ ਲੇਖਕ ਹਨ ਜੋ ਪੰਜਾਹ ਜਾਂ ਸੱਠ ਸਫ਼ੇ ਲਿਖ ਕੇ ਹੀ ਥੱਕ ਜਾਂਦੇ ਹਨ। ਤੇਜਾ ਸਿੰਘ ਜੀ ਹੱਦ ਦਰਜੇ ਦੇ ਮਿਹਨਤੀ ਹਨ। ਜਿੰਨਾ ਚਿਰ ਉਨ੍ਹਾਂ ਦੀ ਤਸੱਲੀ ਨਾ ਹੋ ਜਾਵੇ, ਉਹ ਕੋਈ ਵੀ ਲਿਖਤ ਪ੍ਰੈੱਸ ਵਿੱਚ ਨਹੀਂ ਦਿੰਦੇ ਤੇ ਫੇਰ ਕਮਾਲ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਲਿਖਣ ਦੇ ਬਾਵਜੂਦ ਵੀ ਚੰਗਾ ਲਿਖਦੇ ਹਨ।



-

## ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ
ਭਾਸ਼ਾ ਵਿਭਾਗ ਲੁਧਿਆਣਾ ਦੇ ਸਹਿਯੋਗ ਨਾਲ

## ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

# ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ
# ਪੰਜਾਬੀ ਸੁਲੇਖ ਮੁਕਾਬਲਾ

**ਮਿਤੀ : 21 ਫ਼ਰਵਰੀ 2023 ਦਿਨ ਮੰਗਲਵਾਰ**

**(ਸਕੂਲੀ, ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ)**

**ਕਰਵਾਉਣ ਜਾ ਰਹੇ ਹਨ**

## ਹਦਾਇਤਾਂ

- ਇਸ ਪ੍ਰਤੀਯੋਗਤਾ ਲਈ ਟੈਲੀਗਰਾਮ ਦੇ ਇੱਕ ਗਰੁੱਪ ਦਾ ਮੈਂਬਰ ਬਣਨਾ ਜ਼ਰੂਰੀ ਹੈ, ਜਿਸ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਮੋਬਾਇਲ ਵਿੱਚ ਟੈਲੀਗਰਾਮ ਐਪ ਡਾਊਨਲੋਡ ਕਰ ਲਵੋ।
- ਇਸ ਉਪਰੰਤ ਹੇਠ ਲਿਖੇ ਲਿੰਕ ਤੇ ਕਲਿੱਕ ਕਰ ਕੇ ਤੁਸੀਂ ਗਰੁੱਪ ਦੇ ਮੈਂਬਰ ਬਣ ਸਕਦੇ ਹੋ। ਮੈਂਬਰ ਬਣਨ ਲਈ ਲਿੰਕ https://t.me/+CWJuDT64L5tiYmRl ਹੈ|
- ਵਿਦਿਆਰਥੀ ਜਿਸ ਟੈਲੀਗਰਾਮ ਗਰੁੱਪ ਦੇ ਮੈਂਬਰ ਬਣਨਗੇ, ਭਵਿੱਖ ਵਿੱਚ ਲੋੜੀਂਦੀ ਜਾਣਕਾਰੀ ਉਸ ਵਿੱਚ ਪਾ ਦਿੱਤੀ ਜਾਵੇਗੀ।

ਪੈਟਰਨ/ਪ੍ਰਿੰਸੀਪਲ
ਡਾ. ਪਰਗਟ ਸਿੰਘ ਗਰਚਾ
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ।

ਵਿਸ਼ੇਸ਼ ਸਹਿਯੋਗ
ਡਾ. ਸੰਦੀਪ ਸ਼ਰਮਾ
ਜ਼ਿਲ੍ਹਾ ਭਾਸ਼ਾ ਅਫ਼ਸਰ
ਲੁਧਿਆਣਾ।

ਆਯੋਜਕ
ਡਾ. ਜਗਜੀਤ ਸਿੰਘ
ਪੰਜਾਬੀ ਸਾਹਿਤ ਸਭਾ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ।

# ਪੰਜਾਬੀ ਸੁਲੇਖ ਮੁਕਾਬਲੇ ਵਿੱਚ ਭਾਗ ਲੈਣ ਲਈ ਨਿਯਮ

- ਵਿਦਿਆਰਥੀਆਂ ਨੂੰ ਇੱਕ ਪੈਰਾ ਦਿੱਤਾ ਜਾਵੇਗਾ, ਜਿਸ ਨੂੰ ਉਨ੍ਹਾਂ ਨੇ ਸਾਫ਼, ਸਪਸ਼ਟ ਅੱਖਰਾਂ ਵਿੱਚ ਸਫ਼ੈਦ ਕਾਗ਼ਜ਼ 'ਤੇ ਨੀਲੇ ਜੈਲ੍ਹ ਪੈੱਨ ਨਾਲ ਲਿਖਣਾ ਹੋਵੇਗਾ।
- ਇਸ ਤੋਂ ਬਾਅਦ ਲਿਖੇ ਹੋਏ ਪੰਨੇ ਨੂੰ ਸਕੈਨ ਕਰ ਕੇ pbighgedu@gmail.com 'ਤੇ ਈ ਮੇਲ ਕੀਤੀ ਜਾਵੇ।
- ਫ਼ੋਨ 'ਤੇ ਫ਼ੋਟੋ ਖਿੱਚ ਕੇ ਭੇਜੀ ਗਈ ਤਸਵੀਰ ਵੀ ਸਵੀਕਾਰੀ ਜਾਵੇਗੀ ਪ੍ਰੰਤੂ ਕੋਸ਼ਿਸ਼ ਕੀਤੀ ਜਾਵੇ ਕਿ CS ਸਕੈਨਰ ਦੇ ਜ਼ਰੀਏ ਫ਼ੋਟੋ ਭੇਜੀ ਜਾਵੇ ਕਿਉਂਕਿ ਉਹ ਵਧੇਰੇ ਸਾਫ਼ ਹੁੰਦੀ ਹੈ।
- 21 ਫ਼ਰਵਰੀ 2023 ਦੇ ਰਾਤ ਦੇ 12.00 ਵਜੇ ਤੱਕ ਆ ਚੁੱਕੀਆਂ ਸਾਰੀਆਂ ਲਿਖਤਾਂ ਜੱਜ ਸਹਿਬਾਨ ਕੋਲ ਭੇਜੀਆਂ ਜਾਣਗੀਆਂ ਅਤੇ ਉਹਨਾਂ ਵਿਚੋਂ ਹੀ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕੱਢਿਆ ਜਾਵੇਗਾ।
- ਸਾਰੇ ਭਾਗੀਦਾਰ ਆਪਣਾ ਨਾਂ, ਜਮਾਤ, ਵਿਦਿਅਕ ਸੰਸਥਾ ਦਾ ਨਾਂ ਆਦਿ ਧਿਆਨ ਨਾਲ ਲਿਖਣ (ਜੇ ਸੰਭਵ ਹੋਵੇ ਤਾਂ ਪੰਜਾਬੀ ਵਿੱਚ), ਕਿਉਂਕਿ ਉਹ ਹੀ ਤੁਹਾਡੇ ਸਰਟੀਫ਼ਿਕੇਟ 'ਤੇ ਲਿਖਿਆ ਜਾਵੇਗਾ।


ਡਾ. ਜਗਜੀਤ ਸਿੰਘ
ਪੰਜਾਬੀ ਵਿਭਾਗ
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ
ਗੁਰੂਸਰ ਸਧਾਰ, ਲੁਧਿਆਣਾ ।

ਏਕ ਭਾਰਤ ਸ੍ਰੇਸ਼ਟ ਭਾਰਤ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ
ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ
ਭਾਸ਼ਾ ਵਿਭਾਗ ਲੁਧਿਆਣਾ ਦੇ ਸਹਿਯੋਗ ਨਾਲ

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

ਦੁਆਰਾ ਕਰਵਾਏ

## ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ

# ਪੰਜਾਬੀ ਸੁਲੇਖ ਮੁਕਾਬਲਾ

(ਸਕੂਲੀ, ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ)
ਜੋ ਮਿਤੀ : 21 ਫ਼ਰਵਰੀ 2023 ਦਿਨ ਮੰਗਲਵਾਰ ਨੂੰ ਕਰਵਾਇਆ ਗਿਆ, ਦਾ

# ਨਤੀਜਾ

ਪੈਟਰਨ/ਪ੍ਰਿੰਸੀਪਲ
ਡਾ. ਪਰਗਟ ਸਿੰਘ ਗਰਚਾ
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ ।

ਵਿਸ਼ੇਸ਼ ਸਹਿਯੋਗ
ਡਾ. ਸੰਦੀਪ ਸ਼ਰਮਾ
ਜ਼ਿਲ੍ਹਾ ਭਾਸ਼ਾ ਅਫ਼ਸਰ
ਲੁਧਿਆਣਾ ।

----------ਆਯੋਜਕ----------

ਡਾ. ਜਗਜੀਤ ਸਿੰਘ
ਪੰਜਾਬੀ ਸਾਹਿਤ ਸਭਾ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ ।

# ਵਿਸ਼ਵ ਨੀਂਦ ਦਾ ਦਿਨ((world sleep day )

## 17-03-2023

**ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿਖੇ16ਵਾਂ ਵਿਸ਼ਵ ਨੀਂਦ ਦਿਵਸ 17 ਮਾਰਚ ਨੂੰ ਮਨਾਇਆ ਗਿਆ। ਇਸ ਵਿੱਚ ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੇ ਨੀਂਦ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਭਾਸ਼ਣ ਦਾ ਆਯੋਜਨ ਕੀਤਾ। ਉਨ੍ਹਾਂ ਕਿਹਾ ਕਿ ਜਿਵੇਂ ਚੰਗੀ ਤਰ੍ਹਾਂ ਖਾਣਾ ਅਤੇ ਕਸਰਤ ਕਰਨਾ, ਨੀਂਦ ਇੱਕ ਅਜਿਹਾ ਵਿਵਹਾਰ ਹੈ ਜੋ ਕਿਸੇ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ ਲਈ ਬੁਨਿਆਦ ਹੈ। ਹਾਲਾਂਕਿ, ਚੰਗੀ ਸਿਹਤ ਲਈ ਨੀਂਦ ਨੂੰ ਆਮ ਤੌਰ 'ਤੇ ਇੱਕ ਜ਼ਰੂਰੀ ਵਿਵਹਾਰ ਨਹੀਂ ਮੰਨਿਆ ਜਾਂਦਾ ਹੈ।**






-




WORLD SLEEP DAY
PRESENTED BY :
DR. JAGJIT SINGH
G.H.G. KHALSA COLLEGE OF EDUCATION
GURUSAR SADHAR
GPS Map Camera
Sultanpur Rural, Punjab, India
66C2+3FH, Sultanpur Rural, Punjab 144626, India
Lat 31.220368°
Long 75.201114°
17/03/23 10:14 AM GMT +05:30
Google



-

**22-03-2023**

## ਕਾਲਜ ਵਿਖੇ ਵਿਸ਼ਵ ਕਵਿਤਾ ਦਿਵਸ ਮਨਾਇਆ ਗਿਆ

ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿਖੇ ਵਿਸ਼ਵ ਕਵਿਤਾ ਦਿਵਸ ਮਨਾਉਂਦੇ ਹੋਏ ਪੰਜਾਬੀ ਵਿਭਾਗ ਤੋਂ ਡਾ. ਜਗਜੀਤ ਸਿੰਘ ਨੇ ' ਕਵਿਤਾ ਕਿਵੇਂ ਲਿਖੀਏ ' ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕਵਿਤਾ ਲਿਖਣਾ ਕੋਈ ਬਹੁਤਾ ਔਖਾ ਕੰਮ ਨਹੀਂ ਹੈ। ਹਰ ਵਿਦਿਆਰਥੀ ਕਵਿਤਾ ਲਿਖ ਸਕਦਾ ਹੈ। ਇਸ ਲਈ ਜ਼ਰੂਰੀ ਨਹੀਂ ਕਿ ਕਵਿਤਾ ਵਿਚ ਤੁਕਾਂਤ ਮੇਲ ਵੀ ਹੋਵੇ। ਖੁੱਲ੍ਹੀ ਕਵਿਤਾ ਵੀ ਇੱਕ ਨਿਵੇਕਲਾ ਸਥਾਨ ਰੱਖਦੀ ਹੈ।









-


G.H.G. KHALSA COLLEGE OF EDUCATION
GURUSAR SADHAR
World Poetry Day
ਵਿਸ਼ਵ ਕਵਿਤਾ ਦਿਵਸ
ਕਵਿਤਾ ਕਿਵੇਂ ਲਿਖੀਏ
GPS Map Camera
Sudhar, Punjab, India
QJHR+5VF, opp. ghg khalsa college, near civil hospital,
Sudhar, Punjab 141104, India
Lat 30.778039°
Long 75.642103°
22/03/23 10:24 AM GMT +05:30
Google



-

# 23-03-2023

# ਮਿਤੀ 23-03-2023 ਨੂੰ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਅਲੂਮਨੀ ਮੀਟ ਕੀਤੀ

ਮਿਤੀ 23-03-2023 ਨੂੰ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਇਕੱਠੇ ਹੋ ਕੇ ਕਾਲਜ ਵਿੱਚ ਅਲੂਮਨੀ ਮੀਟ ਕੀਤੀ ਅਤੇ ਆਪੋ ਆਪਣੇ ਵਿਚਾਰ ਮੰਚ ਤੇ ਰੱਖੇ ਅਤੇ ਅਖੀਰ ਵਿੱਚ ਇਸ ਕਾਲਜ ਦੇ ਮੌਜੂਦਾ ਵਿਦਿਆਰਥੀਆਂ ਲਈ ਕੁਝ ਰਾਸ਼ੀ ਵੀ ਦਿੱਤੀ। ਮੰਚ ਸੰਚਾਲਨ ਪੰਜਾਬੀ ਵਿਭਾਗ ਦੇ ਡਾ. ਜਗਜੀਤ ਸਿੰਘ ਨੇ ਕੀਤਾ।






-



v


GPS Map Camera
Sudhar, Punjab, India
QJHR+5VF, opp. ghg khalsa college, near civil hospital, Sudhar, Punjab 141104, India
Lat 30.777905°
Long 75.642247°
23/03/23 10:46 AM GMT +05:30
Google



-

## 21,22-04-2023

# ਸਧਾਰ ਕਾਲਜ ਵਿਖੇ ਆਈ.ਸੀ.ਐੱਸ.ਐੱਸ.ਆਰ ਦੇ ਸਹਿਯੋਗ ਨਾਲ ਰਾਸ਼ਟਰੀ ਪੱਧਰ ਦਾ ਸੈਮੀਨਾਰ ਕਰਵਾਇਆ ਗਿਆ

ਪ੍ਰਾਚੀਨ ਗਿਆਨ ਨੂੰ ਭਵਿੱਖਵਾਦੀ ਵਿਚਾਰਾਂ ਨਾਲ ਜੋੜਨ ਦੇ ਉਦੇਸ਼ ਨਾਲ, ਜੀ.ਐਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸਧਾਰ ਨੇ 21-22 ਅਪ੍ਰੈਲ, 2023 ਨੂੰ ਵਿਸ਼ਵ ਗੁਰੂ ਭਾਰਤ ਲਈ ਸ਼ਾਨਦਾਰ ਅਤੀਤ, ਭਵਿੱਖ ਦੇ ਮਾਰਗ-ਦਰਸ਼ਨ ਦੀ ਪੜਚੋਲ ਕਰਨ ਦੇ ਵਿਸ਼ੇ 'ਤੇ ਆਈ.ਸੀ.ਐੱਸ.ਐੱਸ.ਆਰ ਦੇ ਸਹਿਯੋਗ ਨਾਲ ਰਾਸ਼ਟਰੀ ਪੱਧਰ ਦੇ ਸੈਮੀਨਾਰ ਦਾ ਆਯੋਜਨ ਕੀਤਾ।

ਇਸ ਦੋ ਦਿਨਾ ਸੈਮੀਨਾਰ ਵਿੱਚ ਡਾ.ਆਰ.ਸੀ.ਸ਼ਰਮਾ, ਐਸੋਸੀਏਟ ਪ੍ਰੋ., ਡਾ.ਬੀ.ਆਰ. ਅੰਬੇਡਕਰ ਯੂਨੀਵਰਸਿਟੀ, ਨਵੀਂ ਦਿੱਲੀ, ਡਾ.ਖੁਸ਼ਵਿੰਦਰ ਕੁਮਾਰ, ਪ੍ਰਿੰਸੀਪਲ ਐਮ.ਐਮ. ਮੋਦੀ ਕਾਲਜ, ਪਟਿਆਲਾ, ਡਾ: ਗੌਰਵ ਸਿੰਘ, ਪ੍ਰੋ: ਐਸ.ਓ.ਈ., ਕੇਂਦਰੀ ਯੂਨੀਵਰਸਿਟੀ, ਹਰਿਆਣਾ, ਮਹਿੰਦਰਗੜ੍ਹ, ਡਾ: ਅਰਬਿੰਦ ਕੁਮਾਰ ਝਾਅ, ਪ੍ਰੋ: ਸਕੂਲ ਆਫ਼ ਐਜੂਕੇਸ਼ਨ, ਇਗਨੂ, ਨਵੀਂ ਦਿੱਲੀ ਅਤੇ ਡਾ: ਜਸਪਾਲ ਸਿੰਘ, ਸਹਾਇਕ ਪ੍ਰੋਫੈਸਰ, ਡਾਇਰੈਕਟੋਰੇਟ ਆਫ਼ ਡਿਸਟੈਂਸ ਸਿੱਖਿਆ ਨੇ ਸ੍ਰੋਤ ਵਿਅਕਤੀ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਕਾਲਜ ਸ਼ਬਦ ਦੇ ਜਾਪ ਨਾਲ ਹੋਈ ਅਤੇ ਉਪਰੰਤ ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਇਸ ਮੌਕੇ ਹਾਜ਼ਰ ਸਰੋਤਿਆਂ ਦਾ ਨਿੱਘਾ ਸਵਾਗਤ ਕੀਤਾ। ਡਾ. ਅਰਬਿੰਦ ਕੁਮਾਰ ਝਾਅ ਨੇ ਆਪਣੇ ਮੁੱਖ ਭਾਸ਼ਣ ਰਾਹੀਂ ਅਮੀਰ ਭਾਰਤੀ ਸੰਸਕ੍ਰਿਤੀ ਅਤੇ ਵਿਰਸੇ ਦੀ ਝਲਕ ਪ੍ਰਦਾਨ ਕੀਤੀ ਜੋ ਸਾਡੇ ਨੌਜਵਾਨ ਸਿਖਿਆਰਥੀਆਂ ਲਈ ਬਹੁਤ ਮਹੱਤਵ ਰੱਖ ਸਕਦੀ ਹੈ।

- Dr. Smriti Bharadwaj 11.10 to 11.50am
- Performance by B.Ed.& M.Ed. students 11.50 to 12.10pm
- Special performance by Mr. Gurmeet Hathur 12.10 to 12.30pm
- Guest of honour by the College 12.30 pm
- National Anthem

**ਮਿਤੀ 04-05-2022 ਤੋਂ 11-05-2022**

## ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

ਜੀ.ਐਚ.ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰਨ ਵਿਖੇ ਖੋਜ ਦੇ ਮੂਲ ਵਿਸ਼ੇ 'ਤੇ ਵੈਲਯੂ ਐਡਿਡ ਕੋਰਸ ਕਰਵਾਇਆ ਗਿਆ

ਜੀ. ਅੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਦੇ ਰਿਸਰਚ ਸੈੱਲ ਨੇ 4 ਤੋਂ 11 ਮਈ, 2022 ਤੱਕ ਬਲੈਂਡਡ ਮੋਡ ਰਾਹੀਂ " ਖੋਜ ਦੇ ਅਧਾਰ : ਖੋਜ ਨਿਬੰਧ ਅਤੇ ਖੋਜ ਪ੍ਰਬੰਧ ਲਿਖਣਾ" ਵਿਸ਼ੇ ਉੱਤੇ 7 ਦਿਨਾਂ ਦਾ ਵੈਲਿਊ ਐਡਿਡ ਕੋਰਸ ਆਯੋਜਿਤ ਕੀਤਾ। ਇਸ ਕੋਰਸ ਦਾ ਉਦੇਸ਼ ਵਿਦਿਆਰਥੀਆਂ ਨੂੰ ਖੋਜ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦੇ ਵਿਦਿਅਕ ਤਜ਼ਰਬੇ ਨੂੰ ਵਿਸਤ੍ਰਿਤ ਕਰਨਾ ਸੀ। ਇਹ ਵੈਲਯੂ ਐਡਿਡ ਕੋਰਸ ਇੱਕ ਯੋਜਨਾਬੱਧ ਤਰੀਕੇ ਨਾਲ ਤਿਆਰ ਕੀਤਾ ਗਿਆ ਸੀ ਜਿਸ ਵਿੱਚ ਖੋਜ ਪ੍ਰਸਤਾਵ ਅਤੇ ਥੀਸਿਸ ਲਿਖਣ ਦੇ ਸਾਰੇ ਮਹੱਤਵਪੂਰਨ ਪਹਿਲੂਆਂ 'ਤੇ ਵਿਚਾਰ ਕੀਤਾ ਗਿਆ ਸੀ। ਮਾਹਿਰਾਂ ਦੇ ਇੱਕ ਪੈਨਲ ਦਾ ਪ੍ਰਬੰਧ ਕੀਤਾ ਗਿਆ ਸੀ ਜਿਹਨਾ ਨੇ ਖੋਜ ਲਿਖਤ ਦੇ ਸਾਰੇ ਜ਼ਰੂਰੀ ਖੇਤਰਾਂ ਦਾ ਵੇਰਵਾ ਲਿਆ ਸੀ।

ਕੋਰਸ ਦੇ ਪਹਿਲੇ ਸੈਸ਼ਨ ਵਿੱਚ, ਡਾ. ਪਰਗਟ ਸਿੰਘ ਗਰਚਾ, ਪ੍ਰਿੰਸੀਪਲ, ਜੀ.ਐਚ.ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਨੇ "ਖੋਜ ਦੀ ਸਮੱਸਿਆ ਦੀ ਚੋਣ ਅਤੇ ਖੋਜ ਪ੍ਰਸਤਾਵ ਦੀ ਤਿਆਰੀ" ਵਿਸ਼ੇ 'ਤੇ ਵਿਚਾਰ-ਵਟਾਂਦਰਾ ਕੀਤਾ। ਉਹਨਾਂ ਨੇ ਖੋਜ ਦੇ ਮੂਲ ਭਾਗਾਂ (ਸਮੱਸਿਆ, ਗਤੀਵਿਧੀਆਂ, ਵਿਵਸਥਿਤ, ਵਿਗਿਆਨਕ, ਪ੍ਰਕਿਰਿਆ, ਹੱਲ) ਦਾ ਵਿਸਥਾਰ ਕੀਤਾ।

ਵੈਲਯੂ ਐਡਿਡ ਕੋਰਸ ਦੇ ਦੂਜੇ ਸੈਸ਼ਨ ਵਿੱਚ ਡਾ. ਯੋਗੇਸ਼ ਸ਼ਰਮਾ, ਐਸੋਸੀਏਟ ਪ੍ਰੋਫੈਸਰ, ਰਾਮਗੜ੍ਹੀਆ ਕਾਲਜ ਆਫ਼ ਐਜੂਕੇਸ਼ਨ, ਫਗਵਾੜਾ ਦੁਆਰਾ "ਖੋਜ ਦੇ ਉਦੇਸ਼ ਅਤੇ ਪਰੀ ਕਲਪਨਾ ਬਣਾਉਣ" ਵਿਸ਼ੇ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਤੀਜੇ ਸੈਸ਼ਨ ਵਿੱਚ, ਡਾ: ਅੰਸ਼ੂਨਾਰਦ, ਐਸੋਸੀਏਟ ਪ੍ਰੋਫੈਸਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਨੇ "ਏਪੀਏ ਦੇ ਵਿਸ਼ੇਸ਼ ਸੰਦਰਭ ਨਾਲ ਹਵਾਲੇ ਦੀਆਂ ਸ਼ੈਲੀਆਂ" ਵਿਸ਼ੇ 'ਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਉਹਨਾਂ ਨੇ ਵਿਦਿਆਰਥੀਆਂ ਨੂੰ ਏ.ਪੀ.ਏ. ਸਟਾਈਲ, ਸਾਹਿਤਕ ਚੋਰੀ, ਅਕਾਦਮਿਕ ਇਕਸਾਰਤਾ, ਦਸਤਾਵੇਜ਼ ਆਦਿ ਵਰਗੇ ਸ਼ਬਦਾਂ ਤੋਂ ਜਾਣੂ ਕਰਵਾਇਆ।

ਚੌਥੇ ਸੈਸ਼ਨ ਵਿੱਚ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਸ੍ਰੀ ਮੁਕਤਸਰ ਸਾਹਿਬ ਦੇ ਪ੍ਰਿੰਸੀਪਲ ਡਾ: ਤਰਲੋਕ ਬੰਧੂ ਨੇ "ਸਾਹਿਤ ਦੀ ਸਮੀਖਿਆ: ਆਨਲਾਈਨ ਅਤੇ ਆਫ਼ਲਾਈਨ ਸਰੋਤ" ਵਿਸ਼ੇ 'ਤੇ ਚਰਚਾ ਕੀਤੀ। ਡਾ. ਬੰਧੂ ਨੇ ਇਸ ਸੈਸ਼ਨ ਵਿੱਚ ਖੋਜਗੰਗਾ, ਰਿਸਰਚ ਗੇਟ, ਪੀਯੂ ਲਾਇਬ੍ਰੇਰੀ, ਜੇਐਨਯੂ ਲਾਇਬ੍ਰੇਰੀ, ਅੰਬੇਡਕਰ ਯੂਨੀਵਰਸਿਟੀ ਦਿੱਲੀ, ਨੈਸ਼ਨਲ ਇੰਸਟੀਚਿਊਟ ਆਫ਼ ਐਜੂਕੇਸ਼ਨਲ ਪਲੈਨਿੰਗ ਐਂਡ ਐਡਮਿਨਿਸਟ੍ਰੇਸ਼ਨ ਅਤੇ ਅਜ਼ੀਮ ਪ੍ਰੇਮਜੀ ਲਾਇਬ੍ਰੇਰੀ ਆਦਿ ਦੀਆਂ ਬਹੁਤ ਸਾਰੀਆਂ ਵੈਬਸਾਈਟਾਂ ਦੀਆਂ ਉਦਾਹਰਣਾਂ ਦੇ ਕੇ ਸਮੁੱਚੇ ਸਰੋਤਿਆਂ ਨੂੰ ਔਨਲਾਈਨ ਸਰੋਤਾਂ ਦੇ ਪੂਲ ਵਿੱਚ ਲੈ ਲਿਆ। ਵੈਲਿਊ ਐਡਿਡ ਕੋਰਸ ਦੇ ਪੰਜਵੇਂ ਸੈਸ਼ਨ ਵਿੱਚ ਡਾ. ਮੋਹੂਆ ਖੋਸਲਾ, ਐਸੋਸੀਏਟ ਪ੍ਰੋ., ਮਾਲਵਾ ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ ਨੇ "ਨਮੂਨਾ ਤਕਨੀਕਾਂ ਅਤੇ ਡਾਟਾ ਇਕੱਤਰ ਕਰਨ" ਵਿਸ਼ੇ 'ਤੇ ਆਪਣੀ ਮੁਹਾਰਤ ਸਾਂਝੀ ਕੀਤੀ।

ਕੋਰਸ ਦੇ ਛੇਵੇਂ ਸੈਸ਼ਨ ਵਿੱਚ ਡਾ. ਅਵਨਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ, ਮਾਲਵਾ ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ ਨੇ ਸਰੋਤ ਵਿਅਕਤੀ ਵਜੋਂ ਰੋਲ ਨਿਭਾਇਆ ਅਤੇ "ਖੋਜ ਡਿਜ਼ਾਈਨ: ਗੁਣਾਤਮਕ, ਮਾਤਰਾਤਮਕ ਅਤੇ ਮਿਸ਼ਰਤ ਵਿਧੀ" ਵਿਸ਼ੇ 'ਤੇ ਵਿਚਾਰ-ਵਟਾਂਦਰਾ ਕੀਤਾ।

ਵੈਲਯੂ ਐਡਿਡ ਕੋਰਸ ਦੇ ਸਮਾਪਤੀ ਭਾਵ ਸੱਤਵੇਂ ਸੈਸ਼ਨ ਵਿੱਚ ਡਾ. ਮੀਨੂ ਸਿੰਗਲਾ, ਅਸਿਸਟੈਂਟ ਪ੍ਰੋ. ਅਰਬਿੰਦੋ ਕਾਲਜ ਆਫ਼ ਕਾਮਰਸ ਐਂਡ ਮੈਨੇਜਮੈਂਟ ਦੁਆਰਾ ਵਿਚਾਰ-ਵਟਾਂਦਰਾ ਕੀਤਾ ਗਿਆ। ਉਹਨਾਂ ਨੇ "ਐੱਸ. ਪੀ. ਐੱਸ. ਐੱਸ. ਅਤੇ ਇਸਦੀ ਵਰਤੋਂ" ਵਿਸ਼ੇ 'ਤੇ ਵਿਚਾਰ ਕੀਤਾ। ਉਹਨਾਂ ਨੇ ਆਪਣੇ ਵਿਚਾਰ-ਵਟਾਂਦਰੇ ਦੁਆਰਾ ਐੱਸ. ਪੀ. ਐੱਸ. ਐੱਸ. ਦੇ ਕੰਮ ਦਾ ਪ੍ਰਦਰਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਡਾ. ਮਨੂੰ ਚੱਢਾ, ਡਾ. ਜਸਲੀਨ ਕੌਰ, ਡਾ. ਰਛਪਾਲ ਸਿੰਘ ਅਤੇ ਡਾ. ਰਮਨਦੀਪ ਕੌਰ ਸਿੱਧੂ ਦੀ ਪ੍ਰਬੰਧਕੀ ਕਮੇਟੀ ਨੂੰ ਇਸ ਵੈਲਯੂ ਐਡਿਡ ਕੋਰਸ ਦੇ ਰੂਪ ਵਿੱਚ ਖੋਜ ਦੇ ਉਦੇਸ਼ ਲਈ ਕੀਤੇ ਗਏ ਸ਼ਾਨਦਾਰ ਯਤਨਾਂ ਲਈ ਵਧਾਈ ਦਿੱਤੀ।






**ਮਿਤੀ 16-05-2022**

## ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

## ਜੀ.ਐਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸਧਾਰ ਵੱਲੋਂ ਏਕ ਭਾਰਤ ਸ਼੍ਰੇਸ਼ਠ ਭਾਰਤ ਮੁਹਿੰਮ ਤਹਿਤ ਕਵਿਤਾ ਉਚਾਰਨ ਸਮਾਗਮ ਕਰਵਾਇਆ ਗਿਆ

ਜੀ.ਐਚ.ਜੀ.ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਦੇ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਭਾਸ਼ਾ ਵਿਭਾਗ ਵੱਲੋਂ ਏਕ ਭਾਰਤ ਸ਼੍ਰੇਸ਼ਠ ਭਾਰਤ ਮੁਹਿੰਮ ਤਹਿਤ ਕਵਿਤਾ ਉਚਾਰਨ ਸਮਾਗਮ ਕਰਵਾਇਆ ਗਿਆ | ਸਮਾਗਮ ਦਾ ਵਿਸ਼ਾ "ਹੱਸਦਾ ਪੰਜਾਬ ਮੇਰਾ ਖੁਆਬ" ਸੀ। ਸ਼ੁਰੂਆਤ ਵਿੱਚ, ਡਾ. ਮਿੰਨੀ ਸ਼ਰਮਾ, ਕਾਲਜ ਵਿੱਚ ਏਕ ਭਾਰਤ ਸ਼੍ਰੇਸ਼ਠ ਭਾਰਤ ਮੁਹਿੰਮ ਦੇ ਨੋਡਲ ਅਫਸਰ ਨੇ ਮੁਹਿੰਮ ਦੇ ਉਦੇਸ਼ਾਂ 'ਤੇ ਚਾਨਣਾ ਪਾਇਆ। ਕਵਿਤਾ ਉਚਾਰਣ ਸਮਾਗਮ ਵਿੱਚ ਬੀ.ਐਡ ਦੂਜੇ ਸਾਲ ਦੀ ਪ੍ਰੇਰਨਾ ਸ਼ੁਕਲਾ ਨੇ "ਕੁਰਬਾਨੀ ਦੀ ਧਰਤੀ ਪੰਜਾਬ" ਵਿਸ਼ੇ 'ਤੇ ਇੱਕ ਸੁੰਦਰ ਕਵਿਤਾ ਸੁਣਾਈ, ਜਦੋਂ ਕਿ ਬੀ.ਐਡ ਦੂਜੇ ਸਾਲ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ "ਸੋਹਣਾ ਦੇਸ਼ ਪੰਜਾਬ" ਵਿਸ਼ੇ 'ਤੇ ਕਵਿਤਾ ਸੁਣਾਈ। ਇੱਕ ਹੋਰ ਵਿਦਿਆਰਥੀ ਹੈਪੀ ਸੋਹਲ ਨੇ ਖ਼ੁਦ ਦੀ ਰਚਨਾ ਕੀਤੀ ਕਵਿਤਾ ਪੂਰੀ ਲੈਅ ਨਾਲ ਸੁਣਾਈ । ਬੀ.ਐੱਡ ਸਾਲ ਦੂਜੇ ਦੇ ਵਿਦਿਆਰਥੀ ਆਸ਼ੂਤੋਸ਼ ਨੇ ਆਪਣੀ ਕਵਿਤਾ "ਪੰਜਾਬ" ਰਾਹੀਂ ਪੰਜਾਬ ਦੇ ਸ਼ਾਨਦਾਰ ਸੱਭਿਆਚਾਰ ਦਾ ਵਰਣਨ ਕੀਤਾ। ਬੀ.ਐੱਡ ਸਾਲ ਪਹਿਲੇ ਦੀ ਤਨਵੀ ਨੇ ਆਪਣੀ ਕਵਿਤਾ ਰਾਹੀਂ "ਵਰਤਮਾਨ ਪੰਜਾਬ" ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ।ਬੀ.ਐੱਡ ਦੀ ਇੱਕ ਹੋਰ ਵਿਦਿਆਰਥਣ ਗਗਨਦੀਪ ਕੌਰ ਨੇ "ਮੇਰਾ ਪੰਜਾਬ" ਵਿਸ਼ੇ 'ਤੇ ਆਪਣੀ ਰਚਨਾ ਰਾਹੀਂ ਪੰਜਾਬ ਦੇ ਭੂਗੋਲ ਅਤੇ ਸੱਭਿਆਚਾਰ ਦੀ ਜ਼ਿੰਦਾਦਿਲੀ ਤਸਵੀਰ ਵੀ ਸਾਂਝੀ ਕੀਤੀ। ਕਾਲਜ ਦੇ ਸਾਰੇ ਬੀ.ਐੱਡ. ਅਤੇ ਐਮ.ਐੱਡ. ਪਹਿਲੇ ਅਤੇ ਦੂਜੇ ਸਾਲ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਇਸ ਕਾਵਿ ਸਮਾਗਮ ਵਿੱਚ ਉਤਸ਼ਾਹ ਨਾਲ ਭਾਗ ਲਿਆ। ਕਾਲਜ ਦੇ ਪ੍ਰਿੰਸੀਪਲ ਡਾ: ਪਰਗਟ ਸਿੰਘ ਗਰਚਾ ਨੇ ਇਸ ਸਮਾਗਮ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਦੀ ਅੰਗਰੇਜ਼ੀ ਸਾਹਿਤ ਸਭਾ, ਪੰਜਾਬੀ ਅਤੇ ਹਿੰਦੀ ਸਾਹਿਤ ਸਭਾ ਨੂੰ ਵਧਾਈ ਦਿੱਤੀ।




GHG KHALSA COLLEGE OF EDUCATION
BHARAT SHRESHTHA BHARAT


GHG KHALSA COLLEGE OF EDUCATION
SHRESHTHA BHARAT



**ਮਿਤੀ 24-05-2022**

ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

**ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦੇ ਵਿਦਿਆਰਥੀਆਂ ਅਤੇ ਸਟਾਫ਼ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦਾ ਜਨਮ ਦਿਨ ਮਨਾਇਆ**

24-05-2022

ਜੀ.ਐਚ.ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸਧਾਰਨ ਦੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਅੱਜ ਭਾਵ 24 ਮਈ, 2022 ਨੂੰ ਵਿਦਿਆਰਥੀਆਂ ਅਤੇ ਸਟਾਫ਼ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦਾ ਜਨਮ ਦਿਨ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਤੇ ਜਾ ਕੇ ਮਨਾਇਆ। ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਉਨ੍ਹਾਂ ਦੇ ਘਰ ਜਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪਿੰਡ ਦੀ ਲਾਇਬ੍ਰੇਰੀ ਅਤੇ ਸ਼ਹੀਦ ਦੇ ਜੱਦੀ ਘਰ ਦਾ ਦੌਰਾ ਕੀਤਾ। ਕਾਲਜ ਦੇ ਪੰਜਾਬੀ ਵਿਭਾਗ ਦੇ  ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਸਾਰੇ ਵਿਦਿਆਰਥੀਆਂ ਨੂੰ ਅੱਜ ਦੇ ਦਿਨ ਦਾ ਮਹੱਤਵ ਦੱਸਿਆ ਤੇ ਕਿਹਾ ਕਿ ਅਸੀਂ ਸਭ ਖ਼ੁਦ ਲਈ ਜਿਉਂਦੇ ਹਾਂ ਪਰ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਬਹੁਤ ਛੋਟੀ ਉਮਰ ਵਿੱਚ ਜੋ ਦੇਸ ਲਈ ਕੀਤਾ, ਉਹ ਕਦੇ ਨਾ ਭੁੱਲਣ ਵਾਲਾ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਯੋਧਿਆਂ ਦੀ ਕੁਰਬਾਨੀ ਸਦਕਾ ਹੀ ਅਸੀਂ ਅੱਜ ਅਜ਼ਾਦ ਹਾਂ। ਵਿਦਿਆਰਥਣ ਸਾਰਾ ਕਰੀਮ ਅਤੇ ਗਗਨਦੀਪ ਕੌਰ ਨੇ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਬਾਰੇ ਵਿਸਥਾਰ ਵਿੱਚ ਦੱਸਿਆ। ਇੱਕ ਹੋਰ ਵਿਦਿਆਰਥਣ ਰਮਨਦੀਪ ਕੌਰ ਨੇ ਕਵਿਤਾ ਦੇ ਰੂਪ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸੋਚ ਸਭ ਨਾਲ ਸਾਂਝੀ ਕੀਤੀ। ਬੀ.ਐਡ ਦੀ ਇੱਕ ਹੋਰ ਵਿਦਿਆਰਥਣ ਹਰਮਨ ਕੌਰ ਨੇ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ’ਤੇ ਚਾਨਣਾ ਪਾਉਂਦਾ ਭਾਸ਼ਣ ਦਿੱਤਾ। ਸਾਰੇ ਵਿਦਿਆਰਥੀਆਂ ਨੇ  ਇਸ ਸਮਾਗਮ ਵਿੱਚ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਦੇ ਨਾਲ ਫੈਕਲਟੀ ਮੈਂਬਰਾਂ ਵਿੱਚ ਡਾ: ਜਸਵੀਰ ਕੌਰ, ਡਾ: ਰਛਪਾਲ ਸਿੰਘ ਅਤੇ ਡਾ: ਮਨਪ੍ਰੀਤ ਕੌਰ ਹਾਜ਼ਰ ਸਨ। ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਇਸ ਦਿਨ ਨੂੰ ਵਧੀਆ ਢੰਗ ਨਾਲ ਮਨਾਉਣ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਇੰਚਾਰਜ ਡਾ. ਜਸਵੀਰ ਕੌਰ ਅਤੇ ਡਾ. ਜਗਜੀਤ ਸਿੰਘ ਨੂੰ ਵਧਾਈਆਂ ਦਿੱਤੀਆਂ।


Sarabha, Punjab, India
QP23+6P9, Sarabha, Punjab 141105, India
Lat 30.750665°
Long 75.704338°
24/05/22 01:43 PM




Sarabha, Punjab, India
QP32+M79, Jodhan - Raikot Rd, Sarabha, Punjab
141105, India
Lat 30.754287°
Long 75.700743°
24/05/22 01:19 PM


Sarabha, Punjab, India
QM3X+JP8, Sarabha, Punjab 141105, India
Lat 30.753903°
Long 75.699694°
24/05/22 01:05 PM


Sarabha, Punjab, India





जीएचजी खालसा कालेज ने मनाया बलिदानी करतार सिंह सराभा का जन्मदिवस

Jagran

May 24, 2022 8:31 PM

जागरण संवाददाता जगराओं जीएचजी खालसा कालेज आफ एजुकेशन गुरुसर सुधार के गुरु गोबिंद सिंह स्टडी सर्किल की ओर से मंगलवार को विद्यार्थियों और स्टाफ ने शहीद करतार सिंह सराभा जी का जन्मदिवस जिला लुधियाना के उनके गांव सराभा में मनाया।

**ਮਿਤੀ**

**27-05-2022**

## ਜੀ.ਐਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰਨ ਵਲੋਂ ਬੌਧਿਕ ਸੰਪਤੀ ਦੇ ਹੱਕਾਂ, ਪੇਟੈਂਟ ਅਤੇ ਡਿਜ਼ਾਈਨ ਵਿਸ਼ੇ ਤੇ ਵਿਸ਼ੇਸ਼ ਆਨਲਾਈਨ ਵਰਕਸ਼ਾਪ ਕਰਵਾਈ ਗਈ

27-05-2022

ਜੀ.ਐਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰਨ ਵੱਲੋਂ ਬੌਧਿਕ ਸੰਪਤੀ ਦੇ ਹੱਕਾਂ, ਪੇਟੈਂਟ ਅਤੇ ਡਿਜ਼ਾਈਨ ਵਿਸ਼ੇ ਤੇ ਵਿਸ਼ੇਸ਼ ਆਨਲਾਈਨ ਵਰਕਸ਼ਾਪ ਕਰਵਾਈ ਗਈ। ਇਹ ਵਰਕਸ਼ਾਪ ਕਾਲਜ ਕਾਲਜ ਵੱਲੋਂ ਰਾਜੀਵ ਗਾਂਧੀ ਨੈਸ਼ਨਲ ਇੰਸਟੀਚਿਊਟ ਆਫ਼ ਇੰਟਲੈਕਚੁਅਲ ਪ੍ਰਾਪਰਟੀ ਮੈਨੇਜਮੈਂਟ, ਭਾਰਤ ਸਰਕਾਰ, ਨਾਗਪੁਰ ਦੇ ਸਹਿਯੋਗ ਨਾਲ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਡਾ. ਭਾਰਤ ਐਨ ਸੁਰਯਵੰਸ਼ੀ, ਅਸ਼ਿਸਟੈਂਟ ਕੰਟਰੋਲਰ ਆਫ਼ ਪੇਟੈਂਟ ਐਂਡ ਡਿਜ਼ਾਇਨ, ਨਾਗਪੁਰ ਨੇ ਸ੍ਰੋਤ ਵਿਅਕਤੀ ਦੀ ਭੂਮਿਕਾ ਨਿਭਾਈ। ਵਰਕਸ਼ਾਪ ਦੀ ਸ਼ੁਰੂਆਤ ਕਾਲਜ ਸ਼ਬਦ ਦੇਹ ਸਿਵਾ ਬਰ ਮੋਹਿ ਇਹੈ ਤੋਂ ਕੀਤੀ ਗਈ। ਇਸ ਤੋਂ ਬਾਅਦ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਅੱਜ ਦੀ ਵਰਕਸ਼ਾਪ ਦੇ ਉਦੇਸ਼ਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਅੱਜ ਦੇ ਮੁੱਖ ਮਹਿਮਾਨ ਡਾ. ਭਾਰਤ ਐਨ ਸੁਰਯਵੰਸ਼ੀ ਜੀ ਨੂੰ ਜੀ ਆਇਆਂ ਕਿਹਾ। ਇਸ ਮਗਰੋਂ ਡਾ. ਭਾਰਤ ਐਨ ਸੁਰਯਵੰਸ਼ੀ ਨੇ ਆਪਣੇ ਲੈਕਚਰ ਚ ਕਿਹਾ ਕਿ ਬੌਧਿਕ ਸੰਪੱਤੀ ਦੇ ਅਧਿਕਾਰ (IPR) ਇੱਕ ਨਿਸ਼ਚਿਤ ਸਮੇਂ ਲਈ ਖੋਜਕਰਤਾ ਜਾਂ ਸਿਰਜਣਹਾਰ ਨੂੰ ਉਸਦੀ ਕਾਢ ਜਾਂ ਰਚਨਾ ਦੀ ਰੱਖਿਆ ਕਰਨ ਲਈ ਦਿੱਤੇ ਗਏ ਕਾਨੂੰਨੀ ਅਧਿਕਾਰ ਹਨ, ਜਿਨ੍ਹਾਂ ਬਾਰੇ ਅੱਜ ਦੇ ਸਮੇਂ ਹਰ ਵਿਅਕਤੀ ਨੂੰ ਪਤਾ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਅਧਿਆਪਕ ਚੰਗਾ ਲਿਖਦਾ ਹੈ ਅਤੇ ਉਸ ਦੇ ਲਿਖੇ ਆਰਟੀਕਲ ਵਿੱਚ ਛੁਪੀ ਮਾਨਸਿਕ ਰੂਪ-ਰੇਖਾ ਨੂੰ ਵੀ ਜੇਕਰ ਕੋਈ ਕਾਪੀ ਕਰਦਾ ਹੈ ਤਾਂ ਵੀ ਉਹ ਕਾਨੂੰਨਨ ਤੌਰ ਤੇ ਜੁਰਮ ਮੰਨਿਆਂ ਜਾਂਦਾ ਹੈ। ਅੰਤ ਵਿੱਚ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਰਮਨਦੀਪ ਕੌਰ ਨੇ ਅੱਜ ਦੇ ਵਿਸ਼ੇਸ਼ ਸ੍ਰੋਤ ਵਿਅਕਤੀ ਡਾ. ਭਾਰਤ ਐਨ ਸੁਰਗਵਾਸੀ ਦਾ ਰਸਮੀ ਧੰਨਵਾਦ ਕੀਤਾ।

ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਕਾਲਜ ਦੇ ਰਿਸਰਚ ਸੈੱਲ ਵਿਭਾਗ ਤੋਂ ਡਾ. ਰਮਨਦੀਪ ਕੌਰ ਸਿੱਧੂ ਅਤੇ ਡਾ. ਜਗਜੀਤ ਸਿੰਘ ਦੀ ਪ੍ਰਬੰਧਕੀ ਕਮੇਟੀ ਨੂੰ ਇਸ ਵਰਕਸ਼ਾਪ ਦੌਰਾਨ ਕੀਤੇ ਗਏ ਸ਼ਾਨਦਾਰ ਯਤਨਾਂ ਲਈ ਵਧਾਈ ਦਿੱਤੀ।

ਅਖੀਰ ਵਿੱਚ ਰਾਸ਼ਟਰੀ ਗੀਤ ਧੁਨੀ ਨਾਲ ਵਰਕਸ਼ਾਪ ਸੰਪੰਨ ਕੀਤੀ ਗਈ।


Sharpener
tool for sharpening a pencil's writing point by shaving away its worn surface
1822
invention of Mr. C. A. Boucher (Paris)
Manpreet kaur
Amandeep kaur
Redmi Note 6 Pro
Dr.Rajesh Kumar
H
Nancy Jindal(273)
Krishna Murari
(201) POOJA VE...
Dr. Sumanta Du...
277
rk
Baljinder kaur
Gurjinder Singh,...




WHAT IS INTELLECTUAL PROPERTY
Intellectual property is a property that arises from human intellect. It is a product of human creation.
If you don't see a problem with this question, you need the class!

INTELLECTUAL PROPERTY INDIA
PATENTS | DESIGNS | TRADE MARKS
GEOGRAPHICAL INDICATIONS

सत्यमेव जयते

NIPAM
NATIONAL IP AWARENESS MISSION

Government of India
Ministry of Commerce and Industry
Department for Promotion of Industry and Internal Trade
Office of the Controller General of Patents, Designs and Trade Marks

# CERTIFICATE

This is to certify that, **DR. JAGJIT SINGH, ASSISTANT PROFESSOR** of **GHG KHALSA COLLEGE OF EDUCATION, GURUSAR SUDHAR, LUDHIANA** co-ordinated in conducting the Intellectual Property Awareness program under

**NATIONAL INTELLECTUAL PROPERTY AWARENESS MISSION**

Azadi Ka Amrit Mahotsav

**on May 27,2022**

Organized by
**Intellectual Property Office, India**

**Date:June 01,2022**

(Prof. (Dr) Unnat P. Pandit)
CONTROLLER GENERAL OF
PATENTS, DESIGNS & TRADE MARKS

ਉਤਪਾਦ ਐਕਟ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤੰਬਾਕੂ ਦੀ ਵਰਤੋਂ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਦੀ ਜੜ੍ਹ ਹੈ, ਹਰ ਕਿਸੇ ਨੂੰ ਇਸ ਦੇ ਸੇਵਨ ਤੋਂ ਬਚਣਾ ਚਾਹੀਦਾ ਹੈ। ਦੂਜੇ ਪਾਸੇ ਤੇਜਪਾਲ ਵੇਚਣ ਵਾਲੇ ਨੂੰ 7 ਸਾਲ ਤੱਕ ਕੈਦ ਤੇ ਇਕ ਲੱਖ ਤੱਕ ਜੁਰਮਾਨਾ ਹੋ ਸਕਦਾ ਹੈ। ਜ਼ਿਲ੍ਹੇ 'ਚ ਵੱਖ-ਵੱਖ ਥਾਵਾਂ 'ਤੇ ਕੋਟਪਾ ਐਕਟ ਤਹਿਤ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੀਤੇ ਜਾ ਰਹੇ ਹਨ।

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿਖੇ ਵੱਖ-ਵੱਖ ਵਿਸ਼ਿਆਂ 'ਤੇ ਆਨਲਾਈਨ ਵਰਕਸ਼ਾਪ

ਗੁਰੂਸਰ ਸੁਧਾਰ, 29 ਮਈ (ਬਲਵਿੰਦਰ ਸਿੰਘ ਧਾਲੀਵਾਲ)-ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵਲੋਂ ਬੌਧਿਕ ਸੰਪਤੀ ਦੇ ਹੱਕਾਂ, ਪੇਟੈਂਟ ਤੇ ਡਿਜ਼ਾਈਨ ਵਿਸ਼ੇ 'ਤੇ ਆਨਲਾਈਨ ਵਰਕਸ਼ਾਪ ਕਰਵਾਈ ਗਈ। ਰਾਜੀਵ ਗਾਂਧੀ ਨੈਸ਼ਨਲ ਇੰਸਟੀਚਿਊਟ ਆਫ਼ ਇੰਟ ਲੈਕਚੁਅਲ ਪ੍ਰਾਪਰਟੀ ਮੈਨੇਜਮੈਂਟ ਭਾਰਤ ਸਰਕਾਰ ਨਾਗਪੁਰ ਦੇ ਸਹਿਯੋਗ ਨਾਲ ਕਰਵਾਈ ਵਰਕਸ਼ਾਪ 'ਚ ਡਾ. ਭਾਰਤ ਐਨ ਸੂਰਯਵੰਸ਼ੀ ਅਸਿਸਟੈਂਟ ਕੰਟਰੋਲਰ ਆਫ਼ ਪੇਟੈਂਟ ਐਂਡ ਡਿਜ਼ਾਈਨ ਨਾਗਪੁਰ ਨੇ ਸਰੋਤ ਵਿਅਕਤੀ ਦੀ ਭੂਮਿਕਾ ਨਿਭਾਈ। ਕਾਲਜ ਸ਼ਬਦ ਗ਼ਾਇਨ ਉਪਰੰਤ ਸ਼ੁਰੂ ਹੋਈ। ਵਰਕਸ਼ਾਪ ਦੌਰਾਨ ਕਾਲਜ ਦੇ ਸਹਾਇਕ ਪ੍ਰੋ. ਜਗਜੀਤ ਸਿੰਘ ਨੇ ਇਸ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਤੇ ਮੁੱਖ ਮਹਿਮਾਨ ਡਾ. ਭਾਰਤ ਐਨ ਸੂਰਯਵੰਸ਼ੀ ਨੂੰ 'ਜੀ ਆਇਆਂ' ਕਿਹਾ। ਮੁੱਖ ਮਹਿਮਾਨ ਨੇ ਆਪਣੇ ਭਾਸ਼ਣ 'ਚ ਬੌਧਿਕ ਸੰਪਤੀ ਦੇ ਅਧਿਕਾਰ (ਆਈ. ਪੀ. ਆਰ.) ਇਕ ਨਿਸ਼ਚਿਤ ਸਮੇਂ ਲਈ ਖੋਜਕਰਤਾ ਜਾਂ ਸਿਰਜਣਹਾਰ ਨੂੰ ਉਸ ਦੀ ਕਾਢ ਜਾਂ ਰਚਨਾ ਦੀ ਰੱਖਿਆ ਕਰਨ ਲਈ ਦਿੱਤੇ ਗਏ ਕਾਨੂੰਨੀ ਅਧਿਕਾਰ ਬਾਰੇ ਦੱਸਿਆ ਤੇ ਕਿਹਾ ਕਿ ਇਸ ਸੰਬੰਧੀ ਅੱਜ ਹਰ ਵਿਅਕਤੀ ਨੂੰ ਜਾਣੂ ਹੋਣਾ ਚਾਹੀਦਾ ਹੈ। ਡਾ. ਭਾਰਤ ਨੇ ਕਿਹਾ ਕਿ ਜੇਕਰ ਕੋਈ ਅਧਿਆਪਕ ਚੰਗਾ ਲਿਖਦਾ ਹੈ ਤੇ ਉਸ ਦੇ ਆਰਟੀਕਲ 'ਚ ਛੁਪੀ ਮਾਨਸਿਕ ਰੂਪ-ਰੇਖਾ ਨੂੰ ਵੀ ਜੇਕਰ ਕੋਈ ਕਾਪੀ ਕਰਦਾ ਹੈ ਤਾਂ ਉਹ ਕਾਨੂੰਨੀ ਰੂਪ 'ਚ ਜ਼ੁਰਮ ਮੰਨਿਆ ਜਾਂਦਾ ਹੈ। ਅੰਤ 'ਚ ਕਾਲਜ ਦੇ ਸਹਾਇਕ ਪ੍ਰੋ: ਡਾ. ਰਮਨਦੀਪ ਕੌਰ ਨੇ ਵਿਸ਼ੇਸ਼ ਸਰੋਤ ਵਿਅਕਤੀ ਡਾ. ਭਾਰਤ ਐਨ ਸੂਰਯਵੰਸ਼ੀ ਦਾ ਰਸਮੀ ਧੰਨਵਾਦ ਕੀਤਾ। ਪ੍ਰਿੰ: ਡਾ. ਪਰਗਟ ਸਿੰਘ ਗਰਚਾ ਨੇ ਕਾਲਜ ਦੇ ਰਿਸਰਚ ਸੈੱਲ ਵਿਭਾਗ ਤੋਂ ਡਾ. ਰਮਨਦੀਪ ਕੌਰ ਸਿੱਧੂ ਤੇ ਡਾ. ਜਗਜੀਤ ਸਿੰਘ ਦੀ ਅਗਵਾਈ ਹੇਠ ਸਫ਼ਲਤਾਪੂਰਵਕ ਕਰਵਾਈ ਇਸ ਵਰਕਸ਼ਾਪ ਬਦਲੇ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਧੁਨੀ ਨਾਲ ਕੀਤੀ ਗਈ।

**ਮਿਤੀ**

**03-06-2022**

**ਪ੍ਰੋਗਰਾਮ ਬਾਰੇ ਜਾਣਕਾਰੀ**

**ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨਾਲ ਸੰਬੰਧਿਤ ਕੁਇਜ਼ ਕਰਵਾਇਆ ਗਿਆ**

ਡਾ. ਜਗਜੀਤ ਸਿੰਘ ਨੇ ਦੱਸਿਆ ਕਿ ਇਸ ਕੁਇਜ਼ ਵਿੱਚ ਕਿਸੇ ਵੀ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦਾ ਵਿਦਿਆਰਥੀ ਭਾਗ ਲੈ ਸਕਦਾ ਹੈ। ਇਸ ਵਿੱਚ ਕੁੱਲ 30 ਸਵਾਲ ਹੋਣਗੇ ਜਿਸ ਦੇ 4 ਵਿਕਲਪ ਹੋਣਗੇ। ਸਾਰੇ ਸਵਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ, ਉਨ੍ਹਾਂ ਦੁਆਰਾ ਰਚਿਤ ਬਾਣੀ ਅਤੇ ਸਿੱਖਿਆਵਾਂ ਨਾਲ ਸੰਬੰਧਿਤ ਹੋਣਗੇ। ਇਸ ਮੁਕਾਬਲੇ ਵਿੱਚ ਆਲੇ-ਦੁਆਲੇ ਦੇ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿੱਚ ਪੜ੍ਹਦੇ 522 ਵਿਦਿਆਰਥੀਆਂ ਨੇ ਭਾਗ ਲਿਆ

**Link for Quiz:** https://forms.gle/EqJHSVZdX33KPigd7****

**GURU GOBIND STUDY CIRCLE OF**
**GHG KHALSA COLLEGE OF EDUCATION**
**is going to Conduct**

# On line Quiz on Sri Guru Arjan Dev Ji - Life and Teachings

## on 03-06-2022

**Convener**
Dr. Pargat Singh Garcha
Principal
GHG Khalsa College of Education,
Gurusar Sadhar

**Organizer**
Dr. Jasvir Kaur and Dr. Jagjit Singh
Guru Gobind Singh Study Circle
GHG Khalsa College of Education,
Gurusar Sadhar

**Date of Quiz**
03-06-2022

**Quiz Time**
between 12.01 am to 11.59 pm

## Instructions to attempt Quiz

1. This quiz will contain 30 Objective type questions.
2. All the questions are related to Sri Guru Arjan Dev Ji'sLife and teachings.
3. Any student studying in the School, College or University can participate in this quiz competition.
4. e Certificate will be given to all the students who will get minimum 60% marks.
5. Kindly write your Name, Class and Name of your institution properly, because same will be written on your Certificate.
6. To attempt this quiz, you have to click on the following link -

https://forms.gle/EqJHSVZdX33KPigd7

# G. H. G. Khalsa College of Education, Gurusar Sadhar, Ludhiana

***NAAC A Grade, Affiliated to Panjab University Chandigarh***
***Mentor College NAAC Under PARAMARSH Scheme***

## Certificate

*This is certified that*

**Ms. Sakshi D/O Mrs.Beena Devi & Mr. Sada Ram**

Student of Class B.Ed. from S.G.G.S. College of Education, Beghpur, Kamlooh

has participated in **Online Quiz - Sri Guru Arjan Dev Ji's Life and Teachings** on June 03, 2022 on the occasion of Martyrdom Day of Shri Guru Arjan Dev Ji organized by Guru Gobind Singh Study Circle, G. H. G. Khalsa College of Education, Gurusar Sadhar, Ludhiana. He/She has got **25/30 marks** in this quiz.

| | | |
|---|---|---|
| **Dr. Pargat Singh Garcha** | **Dr. Jasvir Kaur** | **Dr. Jagjit Singh** |
| **Principal** | **Organizer** | **Organizer** |

# 2020-21 ਦੌਰਾਨ

## ਸਾਂਝੇ ਤੌਰ 'ਤੇ (ਕਿਸੇ ਵਿਭਾਗ ਨਾਲ ਮਿਲ ਕੇ) ਜਾਂ ਇਕਹਰੇ ਪੱਧਰ 'ਤੇ

## ਪੰਜਾਬੀ ਸਾਹਿਤ ਸਭਾ,

## ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ

## ਕਰਵਾਈਆਂ ਗਤੀਵਿਧੀਆਂ

### ਪੰਜਾਬੀ ਸਾਹਿਤ ਸਭਾ ਦੇ ਉਦੇਸ਼

1) ਪੰਜਾਬੀ ਸਾਹਿਤ ਸਭਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਵੱਧ ਤੋਂ ਵੱਧ ਵਿਕਾਸ ਕਰਨ ਲਈ ਪੰਜਾਬੀ ਵਿੱਚ ਸਾਹਿਤ ਰੁਚੀ ਵਿੱਚ ਰੱਖਣ ਵਾਲੇ ਸਕੂਲੀ ਅਤੇ ਕਾਲਜ ਦੇ ਵਿਦਿਆਰਥੀ, ਪੰਜਾਬੀ ਸਾਹਿਤ ਦੇ ਭਵਿੱਖ ਨਿਰਮਾਤਾ ਅਤੇ ਨਵੇਂ ਪੁੰਗਰ ਰਹੇ ਲੇਖਕਾਂ ਨੂੰ ਸਾਹਿਤ ਦੀ ਹਰ ਵਿਧਾ ਬਾਰੇ ਯੋਗ ਤੇ ਸਾਰਥਕ ਸੇਧ ਦੇਣੀ ਹੈ।

2) ਵਿਦਿਆਰਥੀਆਂ ਦੀ ਹੱਥ ਲਿਖਤ ਨੂੰ ਸੁਲੇਖ ਮੁਕਾਬਲੇ ਦੁਆਰਾ ਨਿਖਾਰਨਾ।

3) ਵਿਦਿਆਰਥੀਆਂ ਦੀਆਂ ਸਾਹਿਤਿਕ ਉਪਲੱਬਧੀਆਂ 'ਤੇ ਕਿਤਾਬਾਂ ਆਦਿ ਇਨਾਮ ਦੇ ਤੌਰ 'ਤੇ ਦੇਣੀਆਂ।

4) ਵੱਖ ਵੱਖ ਕਾਲਜ ਅਤੇ ਯੂਨੀਵਰਸਿਟੀਆਂ ਤੋਂ ਆਪਣੇ ਵਿਸ਼ੇ ਦੇ ਮਾਹਰ (ਜਿਵੇਂ ਪੰਜਾਬੀ ਭਾਸ਼ਾ, ਧਰਮ ਆਦਿ ) ਤੋਂ ਵਿਸ਼ੇਸ਼ ਲੈਕਚਰ ਕਰਵਾਉਣੇ।

**ਪੰਜਾਬੀ ਸਾਹਿਤ ਸਭਾ ਦੇ ਹੋਰ ਮੈਂਬਰ-**

| | |
|---|---|
| **ਸਰਪ੍ਰਸਤ** | **ਡਾ. ਜਗਜੀਤ ਸਿੰਘ** |
| **ਪ੍ਰਧਾਨ** | **ਕਮਲਜੀਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 246** |
| **ਮੀਤ ਪ੍ਰਧਾਨ** | **ਕੰਵਰਦੀਪ ਸਿੰਘ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 204** |
| **ਜਰਨਲ ਸਕੱਤਰ** | **ਲਵਪ੍ਰੀਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 242** |
| **ਪ੍ਰੈੱਸ ਸਕੱਤਰ** | **ਚਰਨਪ੍ਰੀਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 277** |
| **ਮੈਂਬਰ** | **ਪੰਜਾਬੀ ਅਧਿਆਪਨ ਪੜ੍ਹਨ ਵਾਲੇ ਸਾਰੇ ਵਿਦਿਆਰਥੀ** |

| ਲੜੀ ਨੰਬਰ | ਮਿਤੀ | ਗਤੀਵਿਧੀਆਂ |
|---|---|---|
| 8 | 14-06-2021 | ਸਧਾਰ ਕਾਲਜ ਵਿਖੇ 'ਸ਼ਹੀਦੀ ਦਿਹਾੜਾ-ਸ੍ਰੀ ਗੁਰੂ ਅਰਜਨ ਦੇਵ ਜੀ- ਜੀਵਨ ਅਤੇ ਸਿੱਖਿਆਵਾਂ ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ |
| 2 | 22-06-2021 ਤੋਂ 29-06-2021 | ਐੱਫ਼. ਡੀ. ਪੀ. ਕਰਵਾਈ ਗਈ, ਜਿਸ ਵਿੱਚ ਕੋ-ਕੋਆਰਡੀਨੇਟਰ ਦੀ ਭੂਮਿਕਾ ਨਿਭਾਈ। |
| 1 | 09-09-2020 | 'ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਗੁਰਬਾਣੀ ਤੋਂ ਪ੍ਰੇਰਨਾਵਾਂ' ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ ਕਰਵਾਇਆ। |
| 2 | 07-11-2020 | 'ਅਧਿਆਪਨ ਵਿੱਚ ਕਵਿਤਾ ਤੇ ਬਾਲ ਕਹਾਣੀ ਦੀ ਮਹੱਤਤਾ ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ ਕਰਵਾਇਆ। |
| 3 | 08-12-2020 | ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨਾਲ਼ ਸੰਬੰਧਿਤ ਆਨਲਾਈਨ ਕੁਈਜ਼ ਕਰਵਾਇਆ। |
| 4 | 19-01-2021 | 'ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਥ ਨੂੰ ਦੇਣ ' ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ ਕਰਵਾਇਆ । |
| 5 | 21-02-2021 | ਪੰਜਾਬੀ ਸੁਲੇਖ ਮੁਕਾਬਲਾ ਕਰਵਾਇਆ |
| 6 | 11-03-2021 | ਹਕੀਕਤ ਅਤੇ ਮਾਨਵਤਾ ਦੇ ਮੋਢੀ- ਸ੍ਰੀ ਗੁਰੂ ਤੇਗ਼ ਬਹਾਦਰ ਜੀ' ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਕਰਵਾਇਆ। |
| 7 | 18-05-2021 | ਭਾਸ਼ਣ ਪ੍ਰਤੀਯੋਗਤਾ-ਮਈ 2021 ਕਰਵਾਈ। |

ਮਿਤੀ

22-06-2021 ਤੋਂ 29-06-2021








**ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ**

**ਸੁਧਾਰ ਕਾਲਜ ਵਿਖੇ 20 ਰਾਜਾਂ ਦੇ 1000 ਤੋਂ ਵੱਧ ਪ੍ਰਤੀਭਾਗੀਆਂ ਦੇ ਨਾਲ ਸੱਤ ਦਿਨਾ-ਐੱਫ.ਡੀ.ਪੀ. ਦੀ ਵਿਦਾਇਗੀ ਸੈਸ਼ਨ ਸਫ਼ਲਤਾ ਪੂਰਬਕ ਸੰਪੰਨ**

29-06-2021

ਜੀ. ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ "ਨੈਕ ਦੇ ਨਵੇਂ ਫਰੇਮਵਰਕ ਦੀ ਰੌਸ਼ਨੀ ਵਿੱਚ ਉੱਚ ਸਿੱਖਿਆ ਵਿੱਚ ਕੁਆਲਟੀ ਅਸੈਸਮੈਂਟ ਅਤੇ ਇਨਹਾਂਸਮੈਂਟ" ਵਿਸ਼ੇ 'ਤੇ ਯੂਜੀਸੀ ਦੀ ਪਰਮਾਰਸ਼ ਸਕੀਮ ਅਧੀਨ ਤਹਿਤ ਸੱਤ ਦਿਨਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅੱਜ ਮਿਤੀ 29 ਜੂਨ ,2021 ਨੂੰ ਸੰਪੰਨ ਕੀਤਾ ਗਿਆ।

ਇਸ ਐੱਫ਼. ਡੀ. ਪੀ. ਦੇ ਸੱਤਵੇਂ ਦਿਨ ਵਿਦਾਇਗੀ ਸੈਸ਼ਨ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਦੱਸਿਆ ਕਿ ਇਸ ਐੱਫ. ਡੀ. ਪੀ. ਦਾ ਉਦੇਸ਼ ਨੈਕ ਦੇ ਨਵੇਂ ਢਾਂਚੇ ਦੇ ਅਨੁਸਾਰ ਉੱਚ ਸਿੱਖਿਆ ਵਿੱਚ ਗੁਣਵੱਤਾ ਕਾਇਮ ਰੱਖਣ ਦੀ ਦਿਸ਼ਾ ਵਿੱਚ ਅਵਸਰਾਂ ਅਤੇ ਚੁਣੌਤੀਆਂ ਨੂੰ ਪੇਸ਼ ਕਰਨਾ ਸੀ। ਮਿਤੀ 22 ਜੂਨ

2021 ਤੋਂ ਸ਼ੁਰੂ ਹੋਏ ਇਸ ਪ੍ਰੋਗਰਾਮ ਵਿੱਚ ਭਾਰਤ ਦੇ 20 ਰਾਜਾਂ ਦੇ 1000 ਤੋਂ ਵੀ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ, ਜਿਸ ਦੇ ਪਹਿਲੇ ਦਿਨ ਮਾਣਯੋਗ ਪ੍ਰੋਫੈਸਰ ਰਾਜ ਕੁਮਾਰ, ਵਾਈਸ ਚਾਂਸਲਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਉਦਘਾਟਨੀ ਭਾਸ਼ਣ ਦਿੰਦੇ ਹੋਏ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ, ਜਿਨ੍ਹਾਂ ਆਪਣੇ ਉਦਘਾਟਨੀ ਭਾਸ਼ਣ ਵਿੱਚ ਕਾਲਜ ਨੂੰ ਉੱਚ ਸਿੱਖਿਆ ਵਿੱਚ ਗੁਣਵਤਾ ਵਧਾਉਣ ਦੇ ਵਿਸ਼ੇ ਦੀ ਚੋਣ ਕਰਨ ਲਈ ਵਧਾਈ ਦਿੱਤੀ ਸੀ।

ਆਈ.ਕਿਯੂ.ਏ.ਸੀ. ਕੋਆਰਡੀਨੇਟਰ ਅਤੇ ਐਸੋਸੀਏਟ ਪ੍ਰੋਫ਼ੈਸਰ ਡਾ. ਮਨੂੰ ਚੱਢਾ ਜੀ ਨੇ ਦੱਸਿਆ ਕਿ ਇਸ ਐੱਫ਼. ਡੀ. ਪੀ. ਦੀ ਸ਼ੁਰੂਆਤ ਤੋਂ ਲੈ ਕੇ ਸੱਤਵੇਂ ਦਿਨ ਤੱਕ ਵੱਖ ਵੱਖ ਰਾਜਾਂ ਦੇ ਕਾਲਜਾਂ ਤੋਂ, ਯੂਨੀਵਰਸਿਟੀਆਂ ਤੋਂ ਅਹਿਮ ਸ਼ਖਤਸੀਅਤਾਂ ਨੇ ਭਾਗ ਲਿਆ ਜੋ ਕਾਲਜ ਲਈ ਬਹੁਤ ਅਹਿਮ ਹੈ। ਇਨ੍ਹਾਂ ਸੱਤ ਦਿਨਾਂ ਵਿੱਚ ਪ੍ਰੋ. ਜੇ. ਪੀ. ਪਚੌਰੀ, ਡਾ. ਪ੍ਰਤਿਭਾ ਸਿੰਘ, ਪ੍ਰੋ. ਏ. ਐੱਸ. ਰਾਓ, ਡਾ. ਨੀਰਜ ਕੁਮਾਰ ਸਿੰਘ, ਡਾ. ਜੈਯੰਤੀ ਦੱਤਾ, ਡਾ. ਜੋਤੀ ਪਾਟਿਲ, ਡਾ. ਗੋਪਾਲ ਕਾਲਕੋਟੀ, ਪ੍ਰੋ. ਅਦਿਤ ਗੁਪਤਾ, ਡਾ. ਬਿਕਰਮ ਸਿੰਂਘ ਵਿਰਕ, ਡਾ. ਖੁਸ਼ਵਿੰਦਰ ਸਿੰਘ ਅਤੇ ਡਾ. ਮੋਹਿੰਦਰ ਕੌਰ ਗਰੇਵਾਲ ਨੇ ਇਸ ਐੱਫ਼. ਡੀ. ਪੀ. ਵਿੱਚ ਆਪਣੇ ਵਡਮੁੱਲੇ ਵਿਚਾਰ ਦਿੱਤੇ। ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਮਿੰਨੀ ਸ਼ਰਮਾ ਨੇ ਸੱਤ ਦਿਨਾਂ ਤੋਂ ਚੱਲੀ ਆ ਰਹੀ ਇਸ ਐੱਫ਼. ਡੀ. ਪੀ. ਦੇ ਸਾਰੇ ਸ੍ਰੋਤ ਵਿਅਕਤੀਆਂ ਦੇ ਲੈਕਚਰਾਂ ਨੂੰ ਸੰਖੇਪ ਕਰ ਕੇ ਪੇਸ਼ ਕੀਤਾ।

**ਵਿਦਾਇਗੀ ਭਾਸ਼ਣ ਵਿੱਚ ਡਾ. ਗੁਰਦਰਸ਼ਨ ਸਿੰਘ ਬਰਾੜ, ਸਹਾਇਕ ਡਾਇਰੈਕਟਰ, ਡੀ. ਪੀ. ਆਈ (ਕਾ.) ਪੰਜਾਬ ਨੇ  ਨੇ ਖੋਜ ਅਤੇ ਨਵੀਨਤਾ ਦੇ ਸੰਪੂਰਨ ਨਜ਼ਰੀਏ ਲਈ ਜੀ. ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦੀਆਂ ਇਨ੍ਹਾਂ ਸਫ਼ਲਤਾ ਪੂਰਬਕ ਕੋਸ਼ਿਸ਼ਾਂ ਲਈ ਵਧਾਈ ਦਿੱਤੀ । ਕਾਲਜ ਦੇ ਪ੍ਰਿੰਸੀਪਲ ਡਾ: ਪਰਗਟ ਸਿੰਘ ਗਰਚਾ ਜੀ ਨੇ ਸਾਰੇ ਮਹਿਮਾਨਾਂ ਅਤੇ ਇਨ੍ਹਾਂ ਸੱਤ ਦਿਨਾਂ ਦੇ ਸਾਰੇ ਬੁਲਾਰਿਆਂ ਅਤੇ ਪ੍ਰਤੀਭਾਗੀਆਂ ਦਾ ਧੰਨਵਾਦ ਕੀਤਾ। ਕਾਲਜ ਦੇ ਸਕੱਤਰ ਡਾ. ਐੱਸ. ਐੱਸ. ਥਿੰਦ ਨੇ ਕਿਹਾ ਕਿ 20 ਰਾਜਾਂ ਦੇ 1000 ਤੋਂ ਵੱਧ ਭਾਗੀਦਾਰਾਂ ਨੇ ਇਸ ਅੰਤਰਰਾਸ਼ਟਰੀ ਪੱਧਰ ਦੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ ਹੈ , ਇਹ ਸਭ ਲਈ ਬੜੇ ਮਾਣ ਵਾਲੀ ਗੱਲ ਹੈ, ਇਸ ਲਈ ਉਹਨਾਂ ਕਾਲਜ ਦੇ ਪ੍ਰਿੰਸੀਪਲ, ਸਮੂਹ ਸਟਾਫ ਅਤੇ ਹੋਰ ਪ੍ਰਤੀਭਾਗੀਆਂ ਨੂੰ ਵਧਾਈ ਦਿੱਤੀ । ਅੰਤ ਵਿੱਚ ਰਾਸ਼ਟਰੀ ਗੀਤ ਦੀ ਧੁਨੀ ਨਾਲ ਇਹ ਐਫ਼. ਡੀ. ਪੀ. ਸੰਪੰਨ ਕੀਤੀ ਗਈ।**

# ਮਿਤੀ

# 09 -09-2020

http://www.ghgcollegesadhar.org/college-activity-single/2/2049/

Re-Accredited by NAAC with 'A' Grade (CGPA 3.30)

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

*Affiliated to Panjab University Chandigarh*
*Mentor College NAAC Under PARAMARSH Scheme*

ਤਸਦੀਕ ਕੀਤਾ ਜਾਂਦਾ ਹੈ ਕਿ Ms.. **Komalpreet kaur , Sri Guru harkrishan public school Burj marhana** ਨੇ ਮਿਤੀ 09 ਸਤੰਬਰ 2020 ਨੂੰ **ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕਸ਼ਨ, ਗੁਰੂਸਰ ਸਧਾਰ, ਜ਼ਿਲ੍ਹਾ ਲੁਧਿਆਣਾ, ਪੰਜਾਬ** ਵਲੋਂ ਕਰਵਾਏ **ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਗੁਰਬਾਣੀ ਤੋਂ ਪ੍ਰੇਰਨਾਵਾਂ**- ਇਕ ਰੋਜ਼ਾ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ ਅਤੇ ਅਤੇ ਬਹੁਤ ਹੀ ਕਿਰਿਆਸ਼ੀਲ ਸ੍ਰੋਤੇ ਵਜੋਂ ਸ਼ਿਰਕਤ ਵਜੋਂ ਕੀਤੀ।

| ਡਾ. ਐੱਸ. ਐੱਸ. ਥਿੰਦ<br>ਸਕੱਤਰ | ਡਾ. ਪਰਗਟ ਸਿੰਘ ਗਰਚਾ<br>ਪ੍ਰਿੰਸੀਪਲ | ਡਾ. ਜਗਜੀਤ ਸਿੰਘ<br>ਆਯੋਜਕ |
|---|---|---|

**ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਿਖੇ 'ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਗੁਰਬਾਣੀ ਤੋਂ ਪ੍ਰੇਰਨਾਵਾਂ ਇੱਕ ਰੋਜ਼ਾ ਰਾਸ਼ਟਰੀ ਵੈਬੀਨਾਰ ਕਰਵਾਇਆ**

ਮਿਤੀ 09-09-2020

ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਿਖੇ ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ. ਪੁਰਬ ਨੂੰ ਸਮਰਪਿਤ 'ਗੁਰੂ ਜੀ ਦੇ ਜੀਵਨ ਤੇ ਗੁਰਬਾਣੀ ਤੋਂ ਪ੍ਰੇਰਨਾਵਾਂ' ਨਾਲ ਸੰਬੰਧਿਤ ਇੱਕ ਰੋਜ਼ਾ ਰਾਸ਼ਟਰੀ ਵੈਬੀਨਾਰ ਕਰਵਾਇਆ ਗਿਆ, ਜਿਸ ਵਿੱਚ 150 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ। ਇਸ ਵਿੱਚ ਸ. ਸਤਨਾਮ ਸਿੰਘ ਸਲ੍ਹੋਪੁਰੀ, ਸ੍ਰੀ ਸਹਿਜ ਪਾਠ ਸੇਵਾ ਮੁਹਿੰਮ (ਸਿੱਖਸ ਹੈਲਪਿੰਗ ਸਿੱਖਸ) ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ। ਵੈਬੀਨਾਰ ਦਾ ਆਗ਼ਾਜ਼ 'ਤੇਗ ਬਹਾਦੁਰ ਸਿਮਰੀਐ ਘਰਿ ਨੌ ਨਿਧ ਆਵੈ ਧਾਇ' ਤੋਂ ਕੀਤੀ ਗਈ। ਇਸ ਮਗਰੋਂ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਵਲੋਂ ਅੱਜ ਦੇ ਮੁੱਖ ਮਹਿਮਾਨ ਸ. ਸਤਨਾਮ ਸਿੰਘ ਸਲ੍ਹੋਪੁਰੀ ਜੀ ਨੂੰ ਰਸਮੀ ਤੌਰ 'ਤੇ 'ਜੀ ਆਇਆਂ' ਕਿਹਾ। ਪ੍ਰਿੰਸੀਪਲ ਸਾਹਿਬ ਨੇ ਕਿਹਾ ਕਿ ਅੱਜ ਜਦੋਂ ਅਸੀ ਸਾਰੇ ਕੋਰੋਨਾ ਨਾਂ ਦੀ ਮਹਾਂਮਾਰੀ ਨਾਲ ਜੂਝ ਰਹੇ ਹਾਂ, ਅਜਿਹੇ ਸਮੇਂ ਵਿੱਚ ਅਧਿਆਤਮਿਕਤਾ ਨਾਲ ਜੁੜਨਾ ਸਾਨੂੰ ਹੋਰ ਹੌਸਲਾ ਦਿੰਦਾ ਹੈ। ਵੈਬੀਨਾਰ ਵਿੱਚ ਮੰਚ ਦਾ ਸੰਚਾਲਨ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਕੀਤਾ।

ਆਪਣੇ ਲੈਕਚਰ ਵਿੱਚ ਸ. ਸਤਨਾਮ ਸਿੰਘ ਸਲ੍ਹੋਪੁਰੀ ਜੀ ਨੇ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ 'ਤੇ ਝਾਤ ਮਰਵਾਈ ਅਤੇ ਉਨ੍ਹਾਂ ਦੁਆਰਾ ਦਿੱਤੀਆਂ ਸਿੱਖਿਆਵਾਂ ਨੂੰ ਸਰਲ ਰੂਪ ਵਿੱਚ ਸਮਝਾਇਆ, ਤਾਂ ਕਿ ਛੋਟੇ ਬੱਚਿਆਂ ਨੂੰ ਵੀ ਸਮਝ ਆ ਸਕੇ। ਇਸ ਦੌਰਾਨ ਵਿਦਿਆਰਥੀਆਂ ਨੇ ਕੁਝ ਸਵਾਲ ਵੀ ਪੁੱਛੇ, ਜਿਸ ਦਾ ਸ. ਸਤਨਾਮ ਜੀ ਨੇ ਬਹੁਤ ਖ਼ੂਬਸੂਰਤੀ ਨਾਲ ਜਵਾਬ ਦਿੱਤਾ। ਅੰਤ ਵਿੱਚ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਸਵੀਰ ਕੌਰ ਜੀ ਨੇ ਅੱਜ ਦੇ ਮੁੱਖ ਮਹਿਮਾਨ ਅਤੇ ਸਾਰੇ ਪ੍ਰਤੀਭਾਗੀਆਂ ਦਾ ਧੰਨਵਾਦ ਕੀਤਾ। ਕਾਲਜ ਦੇ ਸਕੱਤਰ ਡਾ. ਐੱਸ. ਐੱਸ. ਥਿੰਦ ਨੇ ਸਫ਼ਲਤਾ ਪੂਰਬਕ ਨੇਪਰੇ ਚਾੜ੍ਹਨ 'ਤੇ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਮਿਤੀ

# 07 - 11-2020

ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

http://www.ghgcollegesadhar.org

ਵਲੋਂ

ਭਾਸ਼ਾ ਤੇ ਸੱਭਿਆਚਾਰ ਹਫ਼ਤਾ ਮਨਾਉਂਦੇ ਹੋਏ

# ਅਧਿਆਪਨ ਵਿੱਚ ਕਵਿਤਾ ਤੇ ਬਾਲ ਕਹਾਣੀ ਦੀ ਮਹੱਤਤਾ - ਰਾਸ਼ਟਰੀ ਵੈਬੀਨਾਰ

ਮਿਤੀ 07-11-2020 ਸਵੇਰੇ 10.00 ਵਜੇ

ਮੁੱਖ ਬੁਲਾਰੇ

(1) **ਡਾ. ਦਰਸ਼ਨ ਸਿੰਘ ਆਸ਼ਟ**

ਸ਼੍ਰੋਮਣੀ ਬਾਲ ਸਾਹਿਤਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਸ਼ਾ - ਬਾਲ ਕਹਾਣੀ ਦੀ ਮਹੱਤਤਾ

ਸਮਾਂ - 10.20 ਤੋਂ 11.00

(2) **ਡਾ. ਸੰਦੀਪ ਸ਼ਰਮਾ**

ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁਡਾਣੀ, ਲੁਧਿਆਣਾ

ਵਿਸ਼ਾ ਜੀਵਨ ਵਿੱਚ ਕਵਿਤਾ ਦਾ ਮਹੱਤਵ

ਸਮਾਂ 11.00 ਤੋਂ 11.40

**ਮੁਖੀ ਸਰਪ੍ਰਸਤ**
**ਡਾ. ਪਰਗਟ ਸਿੰਘ ਗਰਚਾ**
**ਪ੍ਰਿੰਸੀਪਲ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ**

**ਆਯੋਜਕ**
**ਡਾ. ਜਗਜੀਤ ਸਿੰਘ**
**ਸਹਾਇਕ ਪ੍ਰੋਫ਼ੈਸਰ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ**

Re-Accredited by NAAC with 'A' Grade (CGPA 3.30)

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

*Affiliated to Panjab University Chandigarh*
*Mentor College NAAC Under PARAMARSH Scheme*

ਤਸਦੀਕ ਕੀਤਾ ਜਾਂਦਾ ਹੈ ਕਿ ਡਾ. ਸੰਦੀਪ ਸ਼ਰਮਾ, ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੁਡਾਣੀ, ਲੁਧਿਆਣਾ ਨੇ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕਸ਼ਨ, ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ ਵਲੋਂ 07 ਨਵੰਬਰ, 2020 ਨੂੰ ਕਰਵਾਏ 'ਅਧਿਆਪਨ ਵਿੱਚ ਕਵਿਤਾ ਤੇ ਬਾਲ ਕਹਾਣੀ ਦੀ ਮਹੱਤਤਾ - ਇੱਕ ਰੋਜ਼ਾ ਰਾਸ਼ਟਰੀ ਵੈਬੀਨਾਰ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ।

ਤੁਸੀਂ ਭਵਿੱਖ ਵਿੱਚ ਹੋਰ ਵੀ ਅੱਗੇ ਵਧੋ, ਇਹ ਹੀ ਕਾਮਨਾ ਕਰਦੇ ਹਾਂ।

| ਸਕੱਤਰ | ਪ੍ਰਿੰਸੀਪਲ | ਆਯੋਜਕ |
|---|---|---|
| ਡਾ. ਐੱਸ. ਐੱਸ. ਥਿੰਦ | ਡਾ. ਪਰਗਟ ਸਿੰਘ ਗਰਚਾ | ਡਾ. ਜਗਜੀਤ ਸਿੰਘ |

ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ

## ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

http://www.ghgcollegesadhar.org

ਵਲੋਂ

## ਭਾਸ਼ਾ ਤੇ ਸੱਭਿਆਚਾਰ ਹਫ਼ਤਾ ਮਨਾਉਂਦੇ ਹੋਏ

# ਪੰਜਾਬੀ ਸੁਲੇਖ ਮੁਕਾਬਲਾ

ਮਿਤੀ 07-11-2020 ਦੁਪਹਿਰ 01.00 ਵਜੇ

**ਮੁਖੀ ਸਰਪ੍ਰਸਤ**
**ਡਾ. ਪਰਗਟ ਸਿੰਘ ਗਰਚਾ**
**ਪ੍ਰਿੰਸੀਪਲ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ**

**ਆਯੋਜਕ**
**ਡਾ. ਜਗਜੀਤ ਸਿੰਘ**
**ਸਹਾਇਕ ਪ੍ਰੋਫ਼ੈਸਰ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ**

ਮਿਤੀ 07-11-2020 ਨੂੰ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ ਵਿਦਿਆਰਥੀਆਂ ਦੀ ਲਿਖਾਈ ਨੂੰ ਹੋਰ ਸੁੰਦਰ ਬਣਾਉਣ ਲਈ ਪੰਜਾਬੀ ਸੁਲੇਖ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਅਤੇ ਇਸ ਦੇ ਨਜ਼ਦੀਕੀ ਪ੍ਰਾਂਤਾਂ ਵਿੱਚੋਂ ਕੁੱਲ 277 ਵਿਦਿਆਰਥੀਆਂ ਨੇ ਭਾਗ ਲਿਆ| ਇਸ ਮੁਕਾਬਲੇ ਦੇ ਨਤੀਜੇ ਕੁਝ ਇਸ ਪ੍ਰਕਾਰ ਹਨ-

ਪਹਿਲਾ ਵਰਗ- ਪਹਿਲੀ ਤੋਂ ਪੰਜਵੀਂ ਜਮਾਤ ਤੱਕ

ਪਹਿਲਾ ਇਨਾਮ- ਖੁਸ਼ਦੀਪ ਕੌਰ ਸਪੁੱਤਰੀ ਸ. ਅਵਤਾਰ ਸਿੰਘ, ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ, ਜਿਉਣਵਾਲਾ, ਫਰੀਦਕੋਟ

ਦੂਜਾ ਇਨਾਮ- ਹਰਮੁਸਕਾਨ ਕੌਰ ਬਰਾੜ ਸਪੁੱਤਰੀ ਸ. ਸੰਦੀਪ ਸਿੰਘ, ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ, ਜਿਉਣਵਾਲਾ, ਫਰੀਦਕੋਟ

ਤੀਜਾ ਇਨਾਮ- ਦਿਲਰੂਪ ਸਿੰਘ ਸਪੁੱਤਰ ਸ. ਅਜਾਇਬ ਸਿੰਘ, ਮਾਊਂਟ ਕਾਰਮਲ ਸਕੂਲ, ਭੂੰਗਾ

ਦੂਜਾ ਵਰਗ- ਛੇਵੀਂ ਤੋਂ ਅੱਠਵੀਂ ਜਮਾਤ ਤੱਕ

ਪਹਿਲਾ ਇਨਾਮ- ਮਨਦੀਪ ਕੌਰ ਸਪੁੱਤਰੀ ਸ. ਹਰਬੰਸ ਸਿੰਘ, ਸਰਕਾਰੀ ਐਲੀਮੈਂਟਰੀ ਸਕੂਲ, ਰੱਤੋਕੇ

ਦੂਜਾ ਇਨਾਮ- ਸਿਮਰਨ ਪ੍ਰੀਤ ਕੌਰ ਸਪੁੱਤਰੀ ਸ. ਮਾਲਕ ਸਿੰਘ, ਸਰਕਾਰੀ ਮਿਡਲ ਸਕੂਲ, ਬਰਾਸ

ਤੀਜਾ ਇਨਾਮ- ਨਵਪ੍ਰੀਤ ਕੌਰ ਸਪੁੱਤਰੀ ਸ. ਸ਼ੇਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਲੰਧਰ

ਤੀਜਾ ਵਰਗ-

ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ

ਪਹਿਲਾ ਇਨਾਮ ਰਾਜਵੀਰ ਕੌਰ ਸਪੁੱਤਰੀ ਸ. ਜਗਜੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਖੋਪੀਰ

ਦੂਜਾ ਇਨਾਮ ਸਪਨਾ ਸਪੁੱਤਰੀ ਸ੍ਰੀ ਬਿਜੇਂਦਰੂ, ਸਰਕਾਰੀ ਹਾਈ ਸਕੂਲ, ਬਾਂਡੀ

ਤੀਜਾ ਇਨਾਮ ਪੂਜਾ ਕੌਰ ਸਪੁੱਤਰੀ ਸ. ਬਲਜੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਭਵਾਨੀਗੜ੍ਹ (ਕੁੜੀਆਂ)

# ਮਿਤੀ

# 08-12-2020

## ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ

## ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

**http://www.ghgcollegesadhar.org**

**ਵਲੋਂ**

**ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ**

## ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨਾਲ ਸੰਬੰਧਿਤ

# ਆਨਲਾਈਨ ਕੁਇਜ਼

ਮਿਤੀ **08-12-2020** ਸਵੇਰ **11.00** ਵਜੇ

**ਮੁਖੀ ਸਰਪ੍ਰਸਤ**
ਡਾ. ਪਰਗਟ ਸਿੰਘ ਗਰਚਾ
**ਪ੍ਰਿੰਸੀਪਲ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ**

**ਆਯੋਜਕ**
ਡਾ. ਜਗਜੀਤ ਸਿੰਘ
**ਸਹਾਇਕ ਪ੍ਰੋਫ਼ੈਸਰ, ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ**

Re-Accredited by NAAC with 'A' Grade (CGPA 3.30)

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

*Affiliated to Panjab University Chandigarh*
*Mentor College NAAC Under PARAMARSH Scheme*

ਤਸਦੀਕ ਕੀਤਾ ਜਾਂਦਾ ਹੈ ਕਿ Tasbir singh, Gndu asr ਦੇ BA final year ਜਮਾਤ ਦੇ ਵਿਦਿਆਰਥੀ/ਵਿਦਿਆਰਥਣ ਨੇ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕਸ਼ਨ, ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ ਵਲੋਂ 08-12-2020 ਨੂੰ ਕਰਵਾਏ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨਾਲ ਸੰਬੰਧਿਤ ਆਨਲਾਈਨ ਕੁਇਜ਼ ਵਿੱਚ ਭਾਗ ਲਿਆ ਅਤੇ 96 / 100 ਅੰਕ ਹਾਸਿਲ ਕਰ ਕੇ ਦੂਜਾ ਸਥਾਨ ਹਾਸਿਲ ਕੀਤਾ। ਤੁਸੀਂ ਭਵਿੱਖ ਵਿੱਚ ਹੋਰ ਵੀ ਅੱਗੇ ਵਧੋ, ਇਹ ਹੀ ਕਾਮਨਾ ਕਰਦੇ ਹਾਂ।

| ਸਕੱਤਰ | ਪ੍ਰਿੰਸੀਪਲ | ਆਯੋਜਕ |
|---|---|---|
| ਡਾ. ਐੱਸ. ਐੱਸ. ਥਿੰਦ | ਡਾ. ਪਰਗਟ ਸਿੰਘ ਗਰਚਾ | ਡਾ. ਜਗਜੀਤ ਸਿੰਘ |

# ਮਿਤੀ

# 19 - 01-2021

[https://youtu.be/oOhgVjD45yw](https://youtu.be/oOhgVjD45yw)

Re-Accredited by NAAC with 'A' Grade (CGPA 3.30)

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

*Affiliated to Panjab University Chandigarh*
*Mentor College NAAC Under PARAMARSH Scheme*

ਤਸਦੀਕ ਕੀਤਾ ਜਾਂਦਾ ਹੈ ਕਿ ਡਾ. ਇੰਦਰਜੀਤ ਸਿੰਘ ਵਾਸੂ, ਸਾਬਕਾ ਪ੍ਰੋਫ਼ੈਸਰ, ਸ੍ਰੀ ਗੁਰੂ ਅੰਗਦ ਦੇਵ ਇਨਸਟੀਚਿਊਟ ਆਫ਼ ਰੀਲੀਜੀਅਸ ਸਟੱਡੀਜ਼, ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ ਨੇ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕਸ਼ਨ, ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ ਵਲੋਂ 19 ਜਨਵਰੀ, 2021 ਨੂੰ ਕਰਵਾਏ 'ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਥ ਨੂੰ ਦੇਣ - ਵਿਸ਼ੇਸ਼ ਵੈਬੀਨਾਰ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ।

ਤੁਸੀਂ ਭਵਿੱਖ ਵਿੱਚ ਹੋਰ ਵੀ ਅੱਗੇ ਵਧੋ, ਇਹ ਹੀ ਕਾਮਨਾ ਕਰਦੇ ਹਾਂ।

| ਸਕੱਤਰ | ਪ੍ਰਿੰਸੀਪਲ | ਆਯੋਜਕ | ਆਯੋਜਕ | ਆਯੋਜਕ |
|---|---|---|---|---|
| ਡਾ. ਐੱਸ. ਐੱਸ. ਥਿੰਦ | ਡਾ. ਪਰਗਟ ਸਿੰਘ ਗਰਚਾ | ਡਾ. ਜਸਵੀਰ ਕੌਰ | ਪ੍ਰੋ. ਰੁਪਿੰਦਰਜੀਤ ਕੌਰ | ਡਾ. ਜਗਜੀਤ ਸਿੰਘ |

ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਦੇ

http://www.ghgcollegesadhar.org

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕਲੱਬ

ਵਲੋਂ

ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਮਨਾਉਂਦੇ ਹੋਏ

# ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਥ ਨੂੰ ਦੇਣ - ਵਿਸ਼ੇਸ਼ ਵੈਬੀਨਾਰ

## ਮਿਤੀ 19-01-2021 (ਸਮਾਂ - 11.00 ਵਜੇ )





ਨੂੰ ਮਨਾਇਆ ਜਾ ਰਿਹਾ ਹੈ।

ਮੁੱਖ ਬੁਲਾਰੇ

**ਡਾ. ਇੰਦਰਜੀਤ ਸਿੰਘ ਵਾਸੂ**

ਸਾਬਕਾ ਪ੍ਰੋਫ਼ੈਸਰ,

ਸ੍ਰੀ ਗੁਰੂ ਅੰਗਦ ਦੇਵ ਇਨਸਟੀਚਿਊਟ ਆਫ਼ ਰੀਲੀਜੀਅਸ ਸਟੱਡੀਜ਼,

ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ

ਵਿਸ਼ਾ - ਖ਼ਾਲਸਾ ਸਿਰਜਣ ਦਾ ਸੰਕਲਪ

ਮੁਖੀ ਸਰਪ੍ਰਸਤ

ਡਾ. ਪਰਗਟ ਸਿੰਘ ਗਰਚਾ

ਪ੍ਰਿੰਸੀਪਲ,

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

ਆਯੋਜਕ

ਡਾ. ਜਸਵੀਰ ਕੌਰ

ਸਹਾਇਕ ਪ੍ਰੋਫ਼ੈਸਰ (ਇਤਿਹਾਸ ਵਿਭਾਗ),

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

ਆਯੋਜਕ

ਪ੍ਰੋ. ਰੁਪਿੰਦਰਜੀਤ ਕੌਰ, ਡਾ. ਜਗਜੀਤ ਸਿੰਘ

ਸਹਾਇਕ ਪ੍ਰੋਫ਼ੈਸਰ (ਪੰਜਾਬੀ ਵਿਭਾਗ),

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

Re-Accredited by NAAC with 'A' Grade (CGPA 3.30)

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

*Affiliated to Panjab University Chandigarh*
*Mentor College NAAC Under PARAMARSH Scheme*

ਤਸਦੀਕ ਕੀਤਾ ਜਾਂਦਾ ਹੈ ਕਿ Mr. Gagandeep Singh, Doraha College of Education, Doraha (Ludhiana) ਨੇ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕਸ਼ਨ, ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ ਵਲੋਂ 19 ਜਨਵਰੀ, 2021 ਨੂੰ ਕਰਵਾਏ 'ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਥ ਨੂੰ ਦੇਣ - ਵਿਸ਼ੇਸ਼ ਵੈਬੀਨਾਰ ਵਿੱਚ ਭਾਗ ਲਿਆ।

ਤੁਸੀਂ ਭਵਿੱਖ ਵਿੱਚ ਹੋਰ ਵੀ ਅੱਗੇ ਵਧੋ, ਇਹ ਹੀ ਕਾਮਨਾ ਕਰਦੇ ਹਾਂ।

| ਸਕੱਤਰ | ਪ੍ਰਿੰਸੀਪਲ | ਆਯੋਜਕ | ਆਯੋਜਕ | ਆਯੋਜਕ |
|---|---|---|---|---|
| ਡਾ. ਐੱਸ. ਐੱਸ. ਥਿੰਦ | ਡਾ. ਪਰਗਟ ਸਿੰਘ ਗਰਚਾ | ਡਾ. ਜਸਵੀਰ ਕੌਰ | ਪ੍ਰੋ. ਰੁਪਿੰਦਰਜੀਤ ਕੌਰ | ਡਾ. ਜਗਜੀਤ ਸਿੰਘ |

# ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ 'ਚ ਵੈਬੀਨਾਰ

ਗੁਰੂਸਰ ਸੁਧਾਰ, 19 ਜਨਵਰੀ (ਬਲਵਿੰਦਰ ਸਿੰਘ ਧਾਲੀਵਾਲ)- ਜੀ.ਐੱਚ.ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਦੇ ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ ਗੁਰੂ ਗੋਬਿੰਦ ਸਿੰਘ ਸਟੱਡੀ ਕਲੱਬ ਵਲੋਂ 'ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਥ ਨੂੰ ਦੇਣ' ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਕਰਵਾਇਆ ਗਿਆ ਤੇ ਇਸ ਦੌਰਾਨ 150 ਤੋਂ ਵਧੇਰੇ ਪ੍ਰਤੀਭਾਗੀਆਂ ਨੇ ਭਾਗ ਲਿਆ। ਡਾ. ਇੰਦਰਜੀਤ ਸਿੰਘ ਵਾਸੂ ਸਾਬਕਾ ਪ੍ਰੋਫੈਸਰ ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰੀਲੀਜੀਅਸ ਸਟੱਡੀਜ਼, ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ, ਤਰਨ ਤਾਰਨ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ। ਕਾਲਜ ਪ੍ਰਿੰ. ਡਾ. ਪਰਗਟ ਸਿੰਘ ਗਰਚਾ ਵਲੋਂ ਮੁੱਖ ਮਹਿਮਾਨ ਨੂੰ ਰਸਮੀ ਤੌਰ 'ਤੇ ਜੀ ਆਇਆਂ ਕਿਹਾ ਗਿਆ। ਡਾ. ਗਰਚਾ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਅਧਿਆਤਮਕਤਾ ਨਾਲ ਜੁੜਨਾ ਸਾਨੂੰ ਜ਼ਿੰਦਗੀ ਵਿਚ ਹੋਰ ਅੱਗੇ ਵਧਣ ਲਈ ਪ੍ਰੇਰਨਾ ਅਤੇ ਹੌਸਲਾ ਮਿਲਦਾ ਹੈ। ਇਸ ਵੈਬੀਨਾਰ ਵਿਚ ਮੰਚ ਸੰਚਾਲਨ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਜਸਵੀਰ ਕੌਰ ਨੇ ਕੀਤਾ। ਆਪਣੇ ਸੰਬੋਧਨ ਵਿਚ ਡਾ. ਇੰਦਰਜੀਤ ਸਿੰਘ ਵਾਸੂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਝਾਤ ਮਰਵਾਈ ਤੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਸਰਲ ਰੂਪ ਵਿਚ ਸਮਝਾਇਆ। ਵਿਦਿਆਰਥੀਆਂ ਤੇ ਪ੍ਰਤੀਭਾਗੀਆਂ ਦੁਆਰਾ ਪੁੱਛੇ ਸਵਾਲਾਂ ਦੇ ਜਵਾਬ ਵੀ ਮੁੱਖ ਮਹਿਮਾਨ ਦੁਆਰਾ ਦਿੱਤੇ ਗਏ। ਅੰਤ ਵਿਚ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਰੁਪਿੰਦਰਜੀਤ ਕੌਰ ਨੇ ਮੁੱਖ ਮਹਿਮਾਨ ਸਮੇਤ ਸਾਰੇ ਪ੍ਰਤੀਭਾਗੀਆਂ ਦਾ ਧੰਨਵਾਦ ਕੀਤਾ। ਕਾਲਜ ਦੇ ਸਕੱਤਰ ਡਾ. ਐੱਸ.ਐੱਸ. ਥਿੰਦ ਨੇ ਸਫਲਤਾ ਪੂਰਵਕ ਵੈਬੀਨਾਰ ਬਦਲੇ ਕਾਲਜ ਸਟਾਫ਼ ਅਤੇ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ ਦਿੱਤੀ।


## ਜਨਮ ਦਿਨ ਮੁਬਾਰਕ



ਅੰਸ਼ ਭਾਰਦਵਾਜ
ਪਿਤਾ: ਨਰਿੰਦਰ ਕੁਮਾਰ
ਮਾਤਾ: ਰੇਨਾ ਰਾਣੀ
ਪਿੰਡ: ਝੱਟੀਆਂ ਵਾਲਾ

ਮਿਤੀ

26-01-2021



ਡਾ. ਜਗਜੀਤ ਸਿੰਘ ਅਤੇ ਵਿਦਿਆਰਥੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਹੋਏ



ਡਾ. ਪਰਗਟ ਸਿੰਘ ਗਰਚਾ ਅਤੇ ਹੋਰ ਝੰਡਾ ਲਹਿਰਾਉਣ  ਰਸਮ ਸਮੇ

**ਜੀ.ਐੱਚ.ਜੀ. ਖਾਲਸਾ ਕਾਲਜ ਆਫ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ 72ਵਾਂ ਗਣਤੰਤਰਤਾ ਦਿਵਸ ਮਨਾਇਆ ਗਿਆ**

**26-01-2021**

ਅੱਜ ਜੀ. ਐੱਚ. ਜੀ. ਖਾਲਸਾ ਕਾਲਜ ਆਫ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ 72ਵੇਂ ਗਣਤੰਤਰਤਾ ਦਿਵਸ ਨੂੰ ਸਮੂੰਹ ਸਟਾਫ ਅਤੇ ਵਿਦਿਆਰਥੀਆਂ ਨੇ ਬੜੇ ਸ਼ਰਧਾ ਅਤੇ ਚਾਅ ਨਾਲ ਮਨਾਇਆ । ਪ੍ਰੋਗਰਾਮ ਦੀ ਸ਼ੁਰੂਆਤ ਦੇਹ ਸ਼ਿਵਾ ਵਰ ਮੋਹਿ ਇਹੈ ਸ਼ਬਦ ਨਾਲ ਕੀਤੀ ਗਈ।

ਇਸ ਮੌਕੇ  ਤੇ ਝੰਡਾ ਲਹਿਰਾਉਣ ਦੀ ਰਸਮ ਕਾਲਜ ਦੇ ਪ੍ਰਿੰਸੀਪਲ ਡਾ.ਪਰਗਟ ਸਿੰਘ ਗਰਚਾ ਜੀ ਵਲੋਂ ਕੀਤੀ ਗਈ। ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਸਹੁੰ ਚੁੱਕਣ ਦੀ ਰਸਮ ਅਦਾ ਕੀਤੀ ਗਈ। ਇਸ ਤੋਂ ਬਾਅਦ ਕਾਲਜ ਦੇ ਵਿਦਿਆਰਥੀਆਂ ਵਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਸਕਿੱਟ, ਰਾਸ਼ਟਰੀ ਏਕਤਾ ਨਾਲ ਸੰਬੰਧਿਤ ਸਮੂੰਹ ਗਾਇਨ, ਕਵਿਤਾ, ਗੀਤ, ਭੰਗੜਾ, ਮਲਵਈ ਗਿੱਧਾ ਆਦਿ ਪੇਸ਼ ਕੀਤੇ ਗਏ।

ਕਾਲਜ ਦੇ ਪ੍ਰਿੰਸੀਪਲਡਾ.ਪਰਗਟ ਸਿੰਘ ਗਰਚਾ ਜੀ ਨੇ ਬੀ. ਐੱਡ ਤੇ ਐੱਮ. ਐੱਡ. ਦੇ ਵਿਦਿਆਰਥੀਆਂ ਨੂੰ ਗਣਤੰਤਰਤਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦਾ ਮਾਰਗ ਦਰਸੰਲ ਕਰਦੇ ਹੋਏ ਕਿਹਾ ਕਿ 15 ਅਗਸਤ, 26 ਜਨਵਰੀ ਆਦਿ ਮਨਾਉਣੇ ਵਿਦਿਆਰਥੀ ਜੀਵਨ ਵਿੱਚ ਬਹੁਤ ਜ਼ਰੂਰੀ ਹਨ।ਇਹਨਾ ਕੇਵਲ ਵਿਦਿਆਰਥੀਆਂ ਵਿੱਚ ਗੀਤ, ਸੰਗੀਤ ਜਿਹੀਆਂ ਕੁਸ਼ਲਤਾਵਾਂ ਪੈਦਾ ਕਰਦੇ ਹਨ ਸਗੋਂ ਇੱਕ ਵਿਦਿਆਰਥੀ ਨੂੰ ਚੰਗਾ ਨਾਗਰਿਕ ਬਣਾਉਣ ਲਈ ਵੀ ਅਹਿਮ ਰੋਲ ਅਦਾ ਕਰਦੇ ਹਨ।ਅਖੀਰ ਵਿੱਚ 'ਰਾਸ਼ਟਰੀ ਗੀਤ' ਦੀ ਧੁਨੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।

# ਮਿਤੀ

# 21-02-2021

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

*Permanently Affiliated to Panjab University Chandigarh*
*Mentor College for NAAC Under PARAMARSH Scheme of UGC*
*Re-Accredited by NAAC with 'A' Grade (Cycle II) CGPA 3.30*

## ਪ੍ਰਸੰਸਾ-ਪੱਤਰ



ਤਸਦੀਕ ਕੀਤਾ ਜਾਂਦਾ ਹੈ ਕਿ ਬੇਅੰਤ ਸਿੰਘ ਸਪੁੱਤਰ ਸ. ਦਲਵਾਰਾ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐੱਮ. ਏ. ਇਤਿਹਾਸ ਦੇ ਵਿਦਿਆਰਥੀ ਨੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਦੇ ਮੌਕੇ 'ਤੇ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕਸ਼ਨ, ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ ਵਲੋਂ 21-02-2021 ਨੂੰ ਕਰਵਾਏ ਪੰਜਾਬੀ ਸੁਲੇਖ ਮੁਕਾਬਲੇ ਵਿੱਚ ਭਾਗ ਲਿਆ ਅਤੇ ਚੌਥੇ ਵਰਗ (ਗਰੈਜੂਏਸ਼ਨ ਜਾਂ ਪੋਸਟ-ਗਰੈਜੂਏਸ਼ਨ) ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ ।

ਤੁਸੀਂ ਭਵਿੱਖ ਵਿੱਚ ਹੋਰ ਵੀ ਅੱਗੇ ਵਧੋ, ਇਹ ਹੀ ਕਾਮਨਾ ਕਰਦੇ ਹਾਂ|

| ਡਾ. ਐੱਸ. ਐੱਸ. ਥਿੰਦ | ਡਾ. ਪਰਗਟ ਸਿੰਘ ਗਰਚਾ | ਪ੍ਰੋ. ਰੁਪਿੰਦਰਜੀਤ ਕੌਰ | ਡਾ. ਜਗਜੀਤ ਸਿੰਘ |
|---|---|---|---|
| ਸਕੱਤਰ | ਪ੍ਰਿੰਸੀਪਲ | ਆਯੋਜਕ | ਆਯੋਜਕ |

ਮਿਤੀ

# 11-03-2021

ਕਾਲਜ ਦੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਿੰਗ ਵੱਲੋਂ 11 ਮਾਰਚ, 2021 ਨੂੰ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਇੱਕ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਵੈਬੀਨਾਰ ਦਾ ਵਿਸ਼ਾ ਸੀ "ਹਕੀਕਤ ਆਤੇ ਮਾਨਵਤਾ ਦੀ ਮੋਦੀ – ਸ਼੍ਰੀ ਗੁਰੂ ਤੇਗ ਬਹਾਦਰ ਜੀ"। ਇਹ ਵੈਬੀਨਾਰ ਉਚੇਰੀ ਸਿੱਖਿਆ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ: ਜਸਵੀਰ ਕੌਰ, ਪ੍ਰੋ: ਰੁਪਿੰਦਰਜੀਤ ਕੌਰ ਅਤੇ ਡਾ: ਜਗਜੀਤ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ | ਵੈਬੀਨਾਰ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਸਮੇਤ 150 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ। ਸ. ਸਰਦੂਲ ਸਿੰਘ ਸੰਧੂ, ਡਾਇਰੈਕਟਰ, ਬਾਇਓਡਿਜ਼ਾਈਨ ਇਨੋਵੇਸ਼ਨ ਸੈਂਟਰ, ਰਾਣੀ ਦੁਰਗੇਸ਼ਵਰੀ ਯੂਨੀਵਰਸਿਟੀ, ਜਬਲਪੁਰ ਇਸ ਮੌਕੇ ਵਿਸ਼ੇਸ਼ ਸ੍ਰੋਤ ਵਿਅਕਤੀ ਸਨ। ਡਾ.ਸੰਧੂ ਨੇ ਭਾਗੀਦਾਰਾਂ ਨੂੰ ਗੁਰੂ ਜੀ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਸਾਡੇ ਸਾਰਿਆਂ ਲਈ ਮਾਰਗਦਰਸ਼ਕ ਹਨ। ਉਨ੍ਹਾਂ ਅੱਗੇ ਕਿਹਾ ਕਿ ਗੁਰੂ ਸਾਹਿਬ ਦਾ ਫਲਸਫਾ ਹਰ ਸਮੇਂ ਲਈ ਪ੍ਰਸੰਗਿਕ ਹੈ ਅਤੇ ਸਾਨੂੰ ਇਹ ਸਿਖਾਉਂਦਾ ਹੈ ਕਿ ਕਿਵੇਂ ਧਾਰਮਿਕ ਵੰਡੀਆਂ ਤੋਂ ਉੱਪਰ ਉੱਠਣਾ ਹੈ।

https://youtu.be/KYP_tsDaOg0

ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ

ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਦੇ

http://www.ghgcollegesadhar.org

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕਲੱਬ

ਵਲੋਂ

ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਹਕੀਕਤ ਅਤੇ ਮਾਨਵਤਾ ਦੇ ਮੋਢੀ- ਸ੍ਰੀ ਗੁਰੂ ਤੇਗ਼ ਬਹਾਦਰ ਜੀ- ਵਿਸ਼ੇਸ਼ ਵੈਬੀਨਾਰ

## ਮਿਤੀ 11-03-2021 (ਸਮਾਂ - 10.00 ਵਜੇ )

ਕਰਵਾਇਆ ਜਾ ਰਿਹਾ ਹੈ।



ਮੁੱਖ ਬੁਲਾਰੇ

ਡਾ. ਸਰਦੂਲ ਸਿੰਘ ਸੰਧੂ
ਡਾਇਰੈਕਟਰ,
ਬਾਇਓਡਿਜ਼ਾਇਨ ਇਨੋਵੇਸ਼ਨ ਸੈਂਟਰ,
ਰਾਣੀ ਦੁਰਗੇਸ਼ਵਰੀ ਯੂਨੀਵਰਸਿਟੀ, ਜਬਲਪੁਰ

**ਮੁਖੀ ਸਰਪ੍ਰਸਤ**
ਡਾ. ਪਰਗਟ ਸਿੰਘ ਗਰਚਾ
ਪ੍ਰਿੰਸੀਪਲ,
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼
ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

**ਆਯੋਜਕ**
ਡਾ. ਜਸਵੀਰ ਕੌਰ
ਸਹਾਇਕ ਪ੍ਰੋਫ਼ੈਸਰ (ਇਤਿਹਾਸ ਵਿਭਾਗ),
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ

**ਆਯੋਜਕ**
ਪ੍ਰੋ. ਰੁਪਿੰਦਰਜੀਤ ਕੌਰ, ਡਾ. ਜਗਜੀਤ ਸਿੰਘ
ਸਹਾਇਕ ਪ੍ਰੋਫ਼ੈਸਰ (ਪੰਜਾਬੀ ਵਿਭਾਗ),
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼
ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ


"ਰੰਗਰੇਟੇ ਗੁਰੂ ਕੇ ਬੇਟੇ"
Prof. S S Sandhu
Security
100
Participants
Polls
Chat
Share Screen
Record
Breakout Rooms
Reactions
Leave
ASUS VivoBook



Recording
LIVE
on YouTube
View
GHG Khalsa Colleg...
drpargat81@g...
Prof. S S Sandhu
Rajdeep Singh8
Geet Arora
Priya 1042
Dr. Jagminder K...
ਗੁਰਮੀਤ ਕੌਰ
Dr Naib singh...
Happy Sethi
Baljit singh
Parmjit Kaur 503
P
Pardeep Singh ...
Manpreet Kaur...
kamalpreet kaur
1/4
1/4
Dr Ramandeep ...
Kawaljeet Kaur
Harjinder Pal K...
Babandeep Kaur
Warispreet Singh
happy sohal (29...
Arshdeep Singh...
Parminder Kaur...
(201) POOJA VE...
(214)Simranjot...



Zoom Meeting
View Options
Recording
LIVE
on YouTube
View
Dr. Jagjit Singh
Prof. S S Sandhu
Happy Sethi
Baljit singh
G
Geet Arora
Parmjit Kaur 503
P
Manpreet Kaur...
Rsjdeep Singh8
Arshdeep Singh...
Kawaljeet Kaur
Harjinder Pal Kaur
Babandeep Kaur
Warispreet Singh
Unmute
Start Video
Participants
Chat
Share Screen
Record
Reactions
Leave
Search the web and Windows
10:47 AM

# ਮਿਤੀ

# 18-05-2021

# ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ

## ਯੁਵਕ ਭਲਾਈ ਵਿਭਾਗ,

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ

## ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

http://www.ghgcollegesadhar.org

ਵਲੋਂ

**ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ**

**ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ**

# ਭਾਸ਼ਣ ਪ੍ਰਤੀਯੋਗਤਾ ਮਈ 2021



ਡਾ. ਨਿਰਮਲ ਜੌੜਾ
ਡਾਇਰੈਕਟਰ
ਯੁਵਕ ਭਲਾਈ ਵਿਭਾਗ, ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ

ਡਾ. ਪਰਗਟ ਸਿੰਘ ਗਰਚਾ
ਪ੍ਰਿੰਸੀਪਲ
ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ,
ਗੁਰੂਸਰ ਸਧਾਰ, ਲੁਧਿਆਣਾ

**ਆਯੋਜਕ**

ਡਾ. ਜਗਜੀਤ ਸਿੰਘ (ਸਹਾਇਕ ਪ੍ਰੋਫ਼ੈਸਰ)
9988003532

ਸ. ਗੁਰਮੀਤ ਹਠੂਰ (ਸਹਾਇਕ ਪ੍ਰੋਫ਼ੈਸਰ)
9781342109

ਸ੍ਰੀਮਤੀ. ਰੁਪਿੰਦਰਜੀਤ ਕੌਰ (ਸਹਾਇਕ ਪ੍ਰੋਫ਼ੈਸਰ)
9478436117

## ਭਾਸ਼ਣ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਨਿਯਮ

- ਇਹ ਪ੍ਰਤੀਯੋਗਤਾ 4 ਵਰਗਾਂ ਵਿੱਚ ਕਰਵਾਈ ਜਾਵੇਗੀ–
  - ਪਹਿਲਾ ਵਰਗ–ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ।
  - ਦੂਜਾ ਵਰਗ– ਗ੍ਰੈਜੂਏਸ਼ਨ ਤੋਂ ਪੋਸਟ–ਗ੍ਰੈਜੂਏਸ਼ਨ ਤੱਕ ਦੇ ਵਿਦਿਆਰਥੀ।
  - ਤੀਜਾ ਵਰਗ– ਸਕੂਲਾਂ ਦੇ ਅਧਿਆਪਕ
  - ਚੌਥਾ ਵਰਗ– ਕਾਲਜਾਂ ਦੇ ਅਧਿਆਪਕ
- ਹਰ ਵਿਦਿਅਕ ਸੰਸਥਾ ਵੱਖ–ਵੱਖ ਵਰਗਾਂ ਵਿੱਚ ਇੱਕ ਤੋਂ ਵੱਧ ਪ੍ਰਤੀਯੋਗੀ ਵੀ ਭੇਜ ਸਕਦੀ ਹੈ।
- ਪ੍ਰਤੀਯੋਗੀ ਨੇ 5 ਮਿੰਟ ਤੱਕ ਦਾ ਭਾਸ਼ਣ ਦੇਣਾ ਹੈ, ਜਿਸ ਦੀ ਸ਼ੁਰੂਆਤ ਵਿੱਚ ਪ੍ਰਤੀਯੋਗੀ ਆਪਣੇ ਆਪ ਬਾਰੇ ਸੰਖੇਪ ਜਾਣਕਾਰੀ ਦੇ ਸਕਦਾ ਹੈ।
- ਭਾਸ਼ਣ ਦੇ ਵਿਸ਼ੇ –
  - ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ
  - ਗੁਰੂ ਤੇਗ਼ ਬਹਾਦਰ ਜੀ ਦੁਆਰਾ ਦਿੱਤੀਆਂ ਸਿੱਖਿਆਵਾਂ
  - ਗੁਰੂ ਤੇਗ਼ ਬਹਾਦਰ ਜੀ ਦੁਆਰਾ ਰਚੀ ਬਾਣੀ
  - ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਵਿਸ਼ੇਸ਼ਤਾ– ਮੌਜੂਦਾ ਸਮੇਂ ਦੇ ਸੰਦਰਭ ਵਿੱਚ।
  - ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਕੋਈ ਹੋਰ ਵਿਸ਼ਾ
- ਉਪਰੋਕਤ ਵੀਡੀਓ ਫ਼ੋਨ 'ਤੇ ਬਣਾਉਣ ਉਪਰੰਤ ਵਿਦਿਆਰਥੀ ਉਹ ਵੀਡੀਓ ghgdc2021@gmail.com 'ਤੇ ਮਿਤੀ 15–05–2021 ਤੱਕ ਭੇਜਣਾ ਲਾਜ਼ਮੀ ਹੈ। ਵੀਡੀਓ ਭੇਜਣ ਸੰਬੰਧੀ ਪ੍ਰੋ. ਗੁਰਮੀਤ ਹਠੂਰ (ਮੋਬ. ਨੰਬਰ 9781342109) ਨਾਲ ਗੱਲ ਕਰ ਸਕਦੇ ਹੋ।
- ਵੀਡੀਓ ਭੇਜਣ ਲਈ ਜ਼ਰੂਰੀ ਹਦਾਇਤਾਂ ਹੇਠ ਲਿਖੇ ਯੂ–ਟਿਊਬ ਲਿੰਕ 'ਤੇ ਕਲਿੱਕ ਕਰ ਕੇ ਧਿਆਨ ਨਾਲ ਸੁਣ ਵੀ ਸਕਦੇ ਹੋ।

  https://www.youtube.com/watch?v=500I0S0_pQc
- ਵੀਡੀਓ ਬਣਾਉਣ ਵੇਲੇ ਫ਼ੋਨ ਨੂੰ Horizontal ਰੱਖਣਾ ਹੈ।
- ਵੀਡੀਓ ਬਣਾਉਣ ਵੇਲੇ ਕਿਸੇ ਵੀ ਤਰ੍ਹਾਂ ਦੀ ਕਾਂਟ–ਛਾਂਟ (Editing) ਨਾ ਕੀਤੀ ਜਾਵੇ।
- ਵੀਡੀਓ ਬਣਾਉਣ ਵੇਲੇ ਕਿਸੇ ਵੀ ਤਰ੍ਹਾਂ ਦਾ ਸੰਗੀਤ ਨਾ ਚਲਾਇਆ ਜਾਵੇ।
- ਵੀਡੀਓ ਬਣਾਉਣ ਵੇਲੇ ਪਿੱਛੇ ਦਾ ਹਿੱਸਾ (background) ਹਲਕੇ ਰੰਗ ਦਾ ਜਾਂ ਕੁਦਰਤੀ ਵਾਤਾਵਰਨ ਹੋਵੇ।
- ਹਰ ਵਿਦਿਆਰਥੀ 15 ਮਈ 2021 ਤੋਂ ਪਹਿਲਾਂ ਪਹਿਲਾਂ ਆਪਣੀ ਵੀਡੀਓ ਬਣਾ ਕੇ ਭੇਜ ਦੇਵੇਗਾ, ਜਿਸ ਮਗਰੋਂ ਉਹ ਜੱਜ ਸਹਿਬਾਨ ਨੂੰ ਭੇਜੀਆਂ ਜਣਾਗੀਆਂ।
- ਕਾਲਜ ਦੀ ਵੈੱਬਸਾਈਟ 'ਤੇ ਨਤੀਜੇ ਘੋਸ਼ਿਤ ਹੋਣ ਤੋਂ ਮਗਰੋਂ ਹਰ ਪ੍ਰਤੀਯੋਗੀ ਦੀ ਵੀਡੀਓ ਕਾਲਜ ਦੇ ਯੂ–ਟਿਊਬ ਚੈਨਲ 'ਤੇ ਪਾ ਦਿੱਤੀ ਜਾਵੇਗੀ ਅਤੇ ਸਾਰਿਆਂ ਲਈ ਦੇਖਣਯੋਗ ਹੋਵੇਗੀ।
- ਇਸ ਭਾਸ਼ਣ ਪ੍ਰਤੀਯੋਗਤਾ ਲਈ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ। ਰਜਿਸਟ੍ਰੇਸ਼ਨ ਲਈ ਲਿੰਕ https://forms.gle/pijYjYYctepKzpZe8 ਹੈ।
- ਰਜਿਸਟ੍ਰੇਸ਼ਨ ਉਪਰੰਤ ਹਰ ਵਿਦਿਆਰਥੀ ਨੂੰ ਇੱਕ ਵੱਟਸਐਪ ਦਾ ਲਿੰਕ ਉਪਲਬਧ ਹੋਵੇਗਾ, ਜਿਸ 'ਤੇ ਕਲਿੱਕ ਕਰ ਕੇ ਵੱਟਸਐਪ ਗਰੁੱਪ ਦਾ ਮੈਂਬਰ ਬਣਨਾ ਲਾਜਮੀ ਹੈ|
- ਰਜਿਸਟ੍ਰੇਸ਼ਨ ਕਰਨ ਉਪਰੰਤ ਸਾਰੇ ਪ੍ਰਤੀਯੋਗੀ ਜਿਸ ਗਰੁੱਪ ਦੇ ਮੈਂਬਰ ਬਣਨਗੇ, ਭਵਿੱਖ ਵਿੱਚ ਲੋੜੀਂਦੀ ਜਾਣਕਾਰੀ ਉਸ ਵਿੱਚ ਪਾ ਦਿੱਤੀ ਜਾਵੇਗੀ।


Under the patronage of Punjab Government
& Panjab University Chandigarh
G.H.G. Khalsa College of Education, Gurusar Sadhar
organizes Webinar &
Result Declaration Function of Declamation Competition
to celebrate 400th Birth Anniversary of
Sri Guru Teg Bahadur ji
Chief Patron
Prof. Raj Kumar, Honorable Vice-Chancellor
Panjab University, Chandigarh
Join us
Guest of honour
S . Lakhmir Singh Rajput (PCS)
Joint Director , Culture Department Pb. Govt
Chief Guest
Dr. Sanjay Kaushik
DCDC Panjab University Chandigarh
Prof. Avtar Singh
Ramgarhia College, Phagwara
Guru Nanak Dev University, Amritsar
Dr. Nirmal Jaura
Director, Youth Welfare Dept.
P. U. Chandigarh
Dr. Pargat Singh Garcha
Principal, G.H.G. Khalsa College of Education
Gurusar Sadhar
Date: May 18, 2021
Time: 11.30 a.m.
Zoom Meeting ID: 450 405 2542
Passcode - 12345
Live Straeming on P.U. Chandigarh Facebook Page: @official.pu.india



Zoom Meeting
Recording
LIVE
on Facebook
View
Participants (74)
Find a participant
Avtar Singh
GHG Khalsa College...
Dr. Jagjit Singh
Sanjay Kaushik
Panjab Universit...
Manveer Kaur B...
Navroop kaur&R...
Pardeep Kaur
Parveen kaur
Himanshu
,12 Amandeep ...
Tamanna Arora
Jaspreet kaur
Kashish Sharma ...
Tanmanpreet kaur
Harshdeep Kaur ...
Parneet kaur mann
Akhil Pratap
Baljeet Kaur
JASMEEN......
Happy Sethi
Nikhil Nayyar
Jyoti bala3108
AMIT BATRA GG...
Pritika 7th D
1/3
1/3
Dr. Jagjit Singh (Co-host, me)
Panjab University Chandi... (Host)
Avtar Singh (Co-host)
GHG Khalsa Colle... (Co-host)
Sanjay Kaushik (Co-host)
06 Yashika Sharma
1107 Abhishek Kumar
Akhil Pratap
Alveera singh
AMIT BATRA GGSSS ABOHAR
B,12 Amandeep Kaur
Baljeet Kaur
Dhriti Malhan
Dr Davi...
Ask to Unmute
More
Unmute
Stop Video
Security
Participants
74
Polls
Chat
Share Screen
Record
Reactions
More
Leave
Invite
Mute All
12:40 PM
5/18/2021



Zoom Meeting
Recording
LIVE
on Facebook
View
Tamanna Arora...
Pardeep Kaur
Tanmanpreet...
Akhil Pratap
Kashish Sharma...
Himanshu
Sanjay Kaushik
Nirmal Jaura
Avtar Singh
GHG Khalsa Colleges Gurusar Sudhar
Dr. Jagjit Singh
Unmute
Stop Video
Security
Participants
Polls
Chat
Share Screen
Record
Breakout Rooms
Reactions
Leave
11:59 AM
5/18/2021

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

***Permanently Affiliated to Panjab University Chandigarh***

***NAAC 'A' Grade College, Mentor Status (NAAC) Under PARAMARSH Scheme***

## ਪ੍ਰਸੰਸਾ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਜਸਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ (ਕਾਮਰਸ), ਕਮਲਾ ਲੋਹਟੀਆ ਐੱਸ. ਡੀ. ਕਾਲਜ, ਲੁਧਿਆਣਾ ਨੇ ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ ਯੁਵਕ ਭਲਾਈ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ ਵਲੋਂ ਮਿਤੀ 18-05-2021 ਨੂੰ ਕਰਵਾਏ ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਕਰਵਾਈ ਭਾਸ਼ਣ ਪ੍ਰਤੀਯੋਗਤਾ ਮਈ 2021 ਵਿੱਚ ਭਾਗ ਲਿਆ ਅਤੇ ਚੌਥੇ ਵਰਗ (ਕਾਲਜਾਂ ਦੇ ਅਧਿਆਪਕ ਸਹਿਬਾਨ) ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ।

ਤੁਸੀਂ ਭਵਿੱਖ ਵਿੱਚ ਹੋਰ ਵੀ ਅੱਗੇ ਵਧੋ, ਇਹ ਹੀ ਕਾਮਨਾ ਕਰਦੇ ਹਾਂ।

| | | |
|---|---|---|
| ਡਾ. ਨਿਰਮਲ ਜੌੜਾ | ਡਾ. ਪਰਗਟ ਸਿੰਘ ਗਰਚਾ | ਡਾ. ਜਗਜੀਤ ਸਿੰਘ |
| ਡਾਇਰੈਕਟਰ | ਪ੍ਰਿੰਸੀਪਲ | ਸਹਾਇਕ ਪ੍ਰੋਫੈਸਰ |
| ਯੁਵਕ ਭਲਾਈ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ | ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ | ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ |

**ਪੰਜਾਬ ਸਰਕਾਰ ਦੀ ਸਰਪ੍ਰਸਤੀ ਅਧੀਨ ਯੁਵਕ ਭਲਾਈ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਹਿਯੋਗ ਨਾਲ**

**ਗੁਰੂ ਹਰਗੋਬਿੰਦ ਖਾਲਸਾ ਕਾਲਜ ਆਫ ਐਜੂਕੇਸ਼ਨ, ਗੁਰੂਸਰ ਸੁਧਾਰ, ਲੁਧਿਆਣਾ ਵੱਲੋਂ**

**ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ**

**ਭਾਸ਼ਣ ਪ੍ਰਤੀਯੋਗਤਾ - ਮਈ 2021 ਦਾ ਨਤੀਜਾ**

https://youtu.be/ONI81jbBDf0

https://youtu.be/500I0S0_pQc

https://youtube.com/playlist?list=PLWi924Qz5F67aw8oacRVkDBeSZc-zBMJp

ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸਧਾਰ, ਲੁਧਿਆਣਾ ਵੱਲੋਂ ਅੱਜ ਮਿਤੀ 18-5-2021 ਨੂੰ ਪੰਜਾਬ ਸਰਕਾਰ ਦੇ ਸਹਿਯੋਗ ਨਾਲ, ਯੁਵਕ ਭਲਾਈ ਵਿਭਾਗ ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਨਿਰਮਲ ਜੌੜਾ ਜੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਕੂਲ ਅਤੇ ਕਾਲਜ ਦੇ ਵਿਦਿਆਰਥੀਆ ਅਤੇ ਅਧਿਆਪਕਾਂ ਲਈ ਆਨਲਾਈਨ ਭਾਸ਼ਣ ਪ੍ਰਤੀਯੋਗਤਾ ਦੇ ਨਤੀਜੇ ਨੂੰ ਘੋਸ਼ਿਤ ਕਰਨ ਲਈ ਵੈਬੀਨਾਰ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਸ਼ਬਦ ਨਾਲ ਕਰਦੇ ਕਰਨ ਤੋਂ ਬਾਅਦ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਭਾਸ਼ਣ ਪ੍ਰਤੀਯੋਗਤਾ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ।ਇਸ ਤੋਂ  ਬਾਅਦ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਵੈਬੀਨਾਰ ਵਿੱਚ ਸ਼ਾਮਲ ਸਾਰੀਆਂ ਮਾਣਯੋਗ ਸਖ਼ਸ਼ੀਅਤਾਂ ਦਾ ਸਵਾਗਤ ਕਰਦੇ ਹੋਏ ਅੱਜ ਦੇ ਗੈੱਸਟ ਆਫ਼ ਆੱਨਰ ਸ. ਲਖਮੀਰ ਸਿੰਘ ਜੀ ਰਾਜਪੂਤ, ਪੀ. ਸੀ. ਐੱਸ., ਜੁਆਇੰਟ ਡਾਇਰੈਕਟਰ, ਕਲਚਰਲ ਵਿਭਾਗ ਪੰਜਾਬ ਸਰਕਾਰ, ਮੁੱਖ ਮਹਿਮਾਨ ਡਾ. ਸੰਜੇ ਕੋਸ਼ਿਕ ਜੀ, ਡੀਨ, ਕਾਲਜ ਡਿਵਲਪਮੈਂਟ ਕਾਂਸਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਮੁੱਖ ਬੁਲਾਰੇ ਪ੍ਰੋ. ਅਵਤਾਰ ਸਿੰਘ, ਰਾਮਗੜ੍ਹੀਆ ਕਾਲਜ ਫ਼ਗਵਾੜਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਡਾ. ਨਿਰਮਲ ਜੌੜਾ ਜੀ, ਡਾਇਰੈਕਟਰ, ਯੁਵਕ ਭਲਾਈ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡ੍ਹੀਗੜ੍ਹ ਨੂੰ ਰਸਮੀ ਤੌਰ ਤੇ 'ਜੀ ਆਇਆਂ' ਆਖਿਆ।

ਇਸ ਪ੍ਰਤੀਯਾਗਤਾ ਦੇ ਆਯੋਜਕ ਡਾ. ਜਗਜੀਤ ਸਿੰਘ ਨੇ ਦੱਸਿਆ ਕਿ ਤਕਰੀਬਨ ਡੇਢ ਸੌ ਪ੍ਰਤੀਯੋਗੀਆਂ ਨੇ ਇਸ ਭਾਸ਼ਣ ਪ੍ਰਤੀਯੋਗਤਾ ਵਿੱਚ ਭਾਗ ਲਿਆ।ਹਰ ਪ੍ਰਤੀਯੋਗੀ ਨੇ 5 ਮਿੰਟ ਤੱਕ ਦਾ ਭਾਸ਼ਣ ਦਿੱਤਾ।ਵੀਡੀਓ ਬਣਾਉਣ ਵੇਲੇ ਕਿਸੇ ਵੀ ਤਰ੍ਹਾਂ ਦੀ ਕਾਂਟ-ਛਾਂਟ (Editing) ਨਾ ਕੀਤੀਆਂ ਜਾਣ ਵਾਲੀਆਂ ਵੀਡੀਓਜ਼ ਇਸ ਵਿੱਚ ਸ਼ਾਮਲ ਕੀਤੀਆਂ ਗਈਆਂ, ਜਿਸ ਨੂੰ ਬਾਅਦ ਵਿੱਚ ਯੂ-ਟਿਊਬ 'ਤੇ ਵੀ ਪਾਇਆ ਗਿਆ ਤਾਂ ਜੋ ਹਰ ਵਿਦਿਆਰਥੀ ਜਾਂ ਅਧਿਆਪਕ ਉਸ ਨੂੰ ਦੇਖ ਸਕੇ।ਇਸ ਭਾਸ਼ਣ ਪ੍ਰਤੀਯੋਗਤਾ ਦੇ ਵਿਸ਼ੇ ਕੁਝ ਇਸ ਪ੍ਰਕਾਰ ਸਨ - ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ, ਗੁਰੂ ਤੇਗ਼ ਬਹਾਦਰ ਜੀ ਦੁਆਰਾ ਦਿੱਤੀਆਂ ਸਿੱਖਿਆਵਾਂ, ਗੁਰੂ ਤੇਗ਼ ਬਹਾਦਰ ਜੀ ਦੁਆਰਾ ਰਚੀ ਬਾਣੀ, ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਵਿਸ਼ੇਸ਼ਤਾ-ਮੌਜੂਦਾ ਸਮੇਂ ਦੇ ਸੰਦਰਭ ਵਿੱਚ ਜਾਂ ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਕੋਈ ਹੋਰ ਵਿਸ਼ਾ।ਇਹਨਾਂ ਨਾਲ ਸੰਬੰਧਿਤ ਵੀਡੀਓ ਫ਼ੋਨ 'ਤੇ ਬਣਾਉਣ ਉਪਰੰਤ ਹਰ ਪ੍ਰਤੀਯੋਗੀ ਨੇ ਉਹ ਵੀਡੀਓ ਈਮੇਲ ਕੀਤੀ।ਤਿੰਨੇ ਅਲੱਗ ਅਲੱਗ ਯੂਨੀਵਰਸਿਟੀਆਂ ਤੋਂ ਜੱਜ ਸਹਿਬਾਨ ਦੋ ਰਾਊਂਡ ਦੀ ਜੱਜਮੈਂਟ ਤੋਂ ਬਾਅਦ ਅੱਜ ਇਸ ਪ੍ਰਤੀਯੋਗਤਾ ਦੇ ਨਤੀਜੇ ਘੋਸ਼ਿਤ ਕੀਤੇ ।ਇਸ ਭਾਸ਼ਣ ਪ੍ਰਤੀਯੋਗਤਾ ਦੇ ਨਤੀਜੇ ਕੁਝ ਇਸ ਪ੍ਰਕਾਰ ਸਨ -

ਪਹਿਲਾ ਵਰਗ, ਜਿਸ ਵਿਚ ਕਾਲਜਾਂ ਦੇ ਅਧਿਆਪਕ ਸਹਿਬਾਨ ਸ਼ਾਮਲ ਸਨ, ਇਸ ਵਿਚੋਂ ਪਹਿਲਾ ਇਨਾਮ ਜੀ.ਕੇ.ਐੱਸ.ਐੱਮ. ਸਰਕਾਰੀ ਕਾਲਜ, ਟਾਂਡਾ ਉੜਮੁੜ, ਹੁਸ਼ਿਆਰਪੁਰ ਦੇ ਅਸਿਸਟੈਂਟ ਪ੍ਰੋਫੈਸਰ ਗੁਰਦੇਵ ਸਿੰਘ ਜੀ ਨੇ ਹਾਸਿਲ ਕੀਤਾ। ਦੂਜਾ ਇਨਾਮ ਜਸਪ੍ਰੀਤ ਕੌਰ ਜੀ, ਅਸਿਸਟੈਂਟ ਪ੍ਰੋਫੈਸਰ (ਕਾਮਰਸ), ਕਮਲਾ ਲੋਹਟੀਆ ਐੱਸ. ਡੀ. ਕਾਲਜ, ਲੁਧਿਆਣਾ ਨੂੰ ਦਿੱਤਾ ਗਿਆ ਅਤੇ ਤੀਜਾ ਇਨਾਮ ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ ਤੋਂ ਅਸਿਸਟੈਂਟ ਪ੍ਰੋਫੈਸਰ, ਜਸਵਿੰਦਰ ਕੌਰ ਜੀ ਨੇ ਜਿੱਤਿਆ।

ਦੂਜਾ ਵਰਗ, ਜਿਸ ਵਿਚ ਸਕੂਲਾਂ ਦੇ ਅਧਿਆਪਕ ਸਹਿਬਾਨ ਸ਼ਾਮਲ ਸਨ, ਇਸ ਵਿਚੋਂ ਪਹਿਲਾ ਇਨਾਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਸਤੀ ਜੋਧੇਵਾਲ, ਲੁਧਿਆਣਾ ਦੇ ਪੰਜਾਬੀ ਮਿਸਟ੍ਰੈੱਸ ਮਨਜਿੰਦਰ ਕੌਰ ਨੂੰ ਦਿੱਤਾ ਗਿਆ। ਦੂਜੇ ਨੰਬਰ 'ਤੇ ਸਰਕਾਰੀ ਪ੍ਰਾਈਮਰੀ ਸਕੂਲ, ਨਿੰਬੂਆਂ, ਐੱਸ. ਏ. ਐੱਸ . ਨਗਰ (ਮੋਹਾਲੀ) ਦੇ ਈ.ਟੀ.ਟੀ. ਅਧਿਆਪਕ ਸ਼ਰਨਜੀਤ ਕੌਰ ਜੀ ਰਹੇ ਅਤੇ ਤੀਜਾ ਇਨਾਮ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਾਹਨੇਵਾਲ, ਲੁਧਿਆਣਾ ਦੇ ਸਾਇੰਸ ਅਧਿਆਪਕ ਇਕਬਾਲ ਸਿੰਘ ਜੀ ਨੇ ਜਿੱਤਿਆ। ਚੌਥੇ ਸਥਾਨ ਉੱਤੇ ਆਏ ਉਮੀਦਵਾਰ ਸਰਵਦਾ ਭੱਲਾ ਜੀ, ਈ.ਟੀ.ਟੀ. ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ, ਕੋਟ ਸੰਤੋਖ ਰਾਏ ਨੂੰ ਪ੍ਰੋਤਸਾਹਨ ਵਜੋਂ ਸਨਮਾਨਿਤ ਕੀਤਾ ਗਿਆ।

ਤੀਜਾ ਵਰਗ, ਜਿਸ ਵਿਚ ਕਾਲਜਾਂ ਦੇ ਵਿਦਿਆਰਥੀ ਸਨ, ਇਸ ਵਿਚੋਂ ਪਹਿਲਾ ਇਨਾਮ ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ ਦੀ ਬੀ. ਏ. ਭਾਗ ਪਹਿਲਾ ਦੀ ਵਿਦਿਆਰਥਣ ਮਨਵੀਰ ਕੌਰ ਨੇ ਹਾਸਿਲ ਕੀਤਾ। ਦੂਜਾ ਇਨਾਮ ਜੀ. ਐੱਚ.ਜੀ. ਹਰਪ੍ਰਕਾਸ਼ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਸਿੱਧਵਾਂ ਖੁਰਦ ਦੀ ਬੀ. ਐੱਡ. ਭਾਗ ਪਹਿਲਾ ਦੀ ਵਿਦਿਆਰਥਣ ਸੰਜਨਾ ਨੇ ਜਿੱਤਿਆ ਅਤੇ ਤੀਜਾ ਇਨਾਮ ਹਾਸਿਲ ਕਰਨ ਵਾਲੇ ਵਿਦਿਆਰਥੀ ਦਾ ਨਾਂ ਹੈ ਲਾਇਲਪੁਰ ਖਾਲਸਾ ਕਾਲਜ, ਜਲੰਧਰ ਤੋਂ ਗੀਤਿਕਾ ਪਰਮਾਰ । ਚੌਥੇ ਸਥਾਨ ਉੱਤੇ ਆਏ ਉਮੀਦਵਾਰ ਐੱਮ.ਜੀ. ਐੱਨ. ਕਾਲਜ ਆਫ ਐਜੂਕੇਸ਼ਨ, ਜਲੰਧਰ ਦੀ ਬੀ. ਐੱਡ. ਭਾਗ ਪਹਿਲਾ ਦੀ ਵਿਦਿਆਰਥਣ ਮਨਜੋਤ ਕੌਰ ਨੂੰ ਪ੍ਰੋਤਸਾਹਨ ਵਜੋਂ ਸਨਮਾਨਿਤ ਕੀਤਾ ਗਿਆ।

ਚੌਥਾ ਵਰਗ, ਜਿਸ ਵਿਚ ਸਕੂਲਾਂ ਦੇ ਵਿਦਿਆਰਥੀ ਸ਼ਾਮਲ ਸਨ, ਇਸ ਵਿਚੋਂ ਪਹਿਲਾ ਇਨਾਮ ਰਾਜਪ੍ਰੀਤ ਕੌਰ, ਸ.ਸ.ਸ.ਸ.ਸ. ਬਸਤੀ ਜੋਧੇਵਾਲ, ਲੁਧਿਆਣਾ ਦੀ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਨੇ ਹਾਸਿਲ ਕੀਤਾ।ਦੂਜਾ ਇਨਾਮ ਆਰ. ਐੱਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਲੁਧਿਆਣਾ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਗੁਰਵੀਰ ਕੌਰ ਮਾਂਗਟ ਨੂੰ ਦਿੱਤਾ ਗਿਆ ਅਤੇ ਤੀਜਾ ਇਨਾਮ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਾਹਨੇਵਾਲ, ਲੁਧਿਆਣਾ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਕਸ਼ਿਸ਼ਪ੍ਰੀਤ ਕੌਰ ਨੇ ਜਿੱਤਿਆ। ਚੌਥੇ ਸਥਾਨ ਉੱਤੇ ਆਏ ਉਮੀਦਵਾਰ ਸਰਕਾਰੀ ਹਾਈ ਸਕੂਲ , ਸੇਖਾ ਕਲਾਂ ਦੀ ਛੇਵੀਂ ਜਮਾਤ ਦੀ ਵਿਦਿਆਰਥਣ ਤਮੰਨਾ ਅਰੋੜਾ ਨੂੰ ਪ੍ਰੋਤਸਾਹਨ ਵਜੋਂ ਸਨਮਾਨਿਤ ਕੀਤਾ ਗਿਆ।

ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਜੀ ਨੇ ਕਿਹਾ ਕਿ ਜੱਜ ਸਹਿਬਾਨ ਨੇ ਬਹੁਤ ਹੀ ਬਰੀਕੀ ਨਾਲ ਸਾਰੇ ਭਾਸ਼ਣ ਧਿਆਨ ਨਾਲ ਸੁਣਨ ਤੋਂ ਬਾਅਦ ਨਤੀਜੇ ਦਿੱਤੇ। ਡਾ. ਨਿਰਮਲ ਜੌੜਾ ਜੀ, ਡਾਇਰੈਕਟਰ, ਯੁਵਕ ਭਲਾਈ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦੀ ਸਮੁੱਚੀ ਮੈਨੇਜਮੈਂਟ, ਸਟਾਫ਼ ਨੂੰ ਸਹੀ ਤਰੀਕੇ ਨਾਲ ਪ੍ਰਤੀਯੋਗਤਾ ਦਾ ਆਯੋਜਨ ਕਰਵਾਉਣ ਲਈ ਅਤੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਜੇਤੂਆਂ ਨੂੰ ਵਧਾਈ ਦਿੱਤੀ।

19/05/2021

# - 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਨਲਾਈਨ ਭਾਸ਼ਣ ਮੁਕਾਬਲੇ ਕਰਵਾਏ

ਗੁਰੂਸਰ ਸੁਧਾਰ • ਹਰਪ੍ਰੀਤ ਸਿੰਘ ਸਿੱਧੂ

ਜੀ.ਐੱਚ. ਜੀ.ਖਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵੱਲੋਂ ਅੱਜ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਯੁਵਕ ਭਲਾਈ ਵਿਭਾਗ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਨਿਰਮਲ ਜੌੜਾ ਦੀ ਅਗਵਾਈ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਆਨਲਾਈਨ ਭਾਸ਼ਣ ਮੁਕਾਬਲੇ ਦੇ ਨਤੀਜੇ ਨੂੰ ਘੋਸ਼ਿਤ ਕਰਨ ਲਈ ਵੈਬੀਨਾਰ ਆਯੋਜਿਤ ਕੀਤਾ ਗਿਆ ਕਾਲਜ ਸ਼ਬਦ ਨਾਲ ਸ਼ੁਰੂਆਤ ਉਪਰੰਤ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਜਗਜੀਤ ਸਿੰਘ ਨੇ ਭਾਸ਼ਣ ਪ੍ਰਤੀਯੋਗਤਾ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਵੈਬੀਨਾਰ ਵਿੱਚ ਸ਼ਾਮਲ ਸਾਰੀਆਂ ਮਾਣਯੋਗ ਸਖ਼ਸ਼ੀਅਤਾਂ ਦਾ ਸਵਾਗਤ



ਕਰਦੇ ਹੋਏ ਅੱਜ ਦੇ ਗੈੱਸਟ ਆਫ ਆੱਨਰ ਲਖਮੀਰ ਸਿੰਘ ਰਾਜਪੂਤ, ਪੀ.ਸੀ.ਐੱਸ., ਜੁਆਇੰਟ ਡਾਇਰੈਕਟਰ ਕਲਚਰਲ ਵਿਭਾਗ ਪੰਜਾਬ ਸਰਕਾਰ, ਮੁੱਖ ਮਹਿਮਾਨ ਡਾ. ਸੰਜੇ ਕੌਸ਼ਿਕ, ਡੀਨ ਕਾਲਜ ਡਿਵਲਪਮੈਂਟ ਕਾਂਸਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਮੁੱਖ ਬੁਲਾਰੇ ਪ੍ਰੋ. ਅਵਤਾਰ ਸਿੰਘ, ਰਾਮਗੜ੍ਹੀਆ ਕਾਲਜ ਫਗਵਾੜਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਡਾ. ਨਿਰਮਲ ਜੌੜਾ, ਡਾਇਰੈਕਟਰ, ਯੁਵਕ ਭਲਾਈ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਰਸਮੀ ਤੌਰ ਤੇ 'ਜੀ ਆਇਆਂ' ਆਖਿਆ। ਇਸ ਭਾਸਣ ਮੁਕਾਬਲੇ ਦੇ ਆਯੋਜਕ ਡਾ. ਜਗਜੀਤ ਸਿੰਘ ਨੇ ਦੱਸਿਆ ਕਿ ਤਕਰੀਬਨ ਡੇਢ ਸੌ ਪ੍ਰਤੀਯੋਗੀਆਂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ ਹਰ ਪ੍ਰਤੀਯੋਗੀ ਨੇ 5 ਮਿੰਟ ਤੱਕ ਦਾ ਭਾਸ਼ਣ ਦਿੱਤਾ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ,ਗੁਰੂ ਤੇਗ਼ ਬਹਾਦਰ ਜੀ ਦੁਆਰਾ ਦਿੱਤੀਆਂ ਸਿੱਖਿਆਵਾਂ, ਗੁਰੂ ਤੇਗ਼ ਬਹਾਦਰ ਜੀ ਦੁਆਰਾ ਰਚੀ ਬਾਣੀ,ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਵਿਸ਼ੇਸ਼ਤਾ ਮੌਜੂਦਾ ਸਮੇਂ ਦੇ ਸੰਦਰਭ ਵਿੱਚ ਜਾਂ ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਕੋਈ ਹੋਰ ਵਿਸ਼ਾ ਇਸ ਭਾਸ਼ਣ ਪ੍ਰਤੀਯੋਗਤਾ ਦੇ ਵਿਸ਼ੇ ਸਨ। ਤਿੰਨੋ ਅਲੱਗ ਅਲੱਗ ਯੂਨੀਵਰਸਿਟੀਆਂ ਤੋਂ ਜੱਜ ਸਹਿਬਾਨ ਨੇ ਦੋ ਰਾਊਂਡ ਦੀ ਜੱਜਮੈਂਟ ਤੋਂ ਬਾਅਦ ਅੱਜ ਇਸ ਪ੍ਰਤੀਯੋਗਤਾ ਦੇ ਨਤੀਜੇ ਘੋਸ਼ਿਤ ਕੀਤੇ।



ਭਾਸ਼ਣ ਮੁਕਾਬਲੇ ਦੌਰਾਨ ਵੈਬੀਨਾਰ 'ਚ ਹਿੱਸਾ ਲੈਂਦੇ ਡਾ. ਨਿਰਮਲ ਜੌੜਾ, ਪ੍ਰਿੰ. ਪਰਗਟ ਸਿੰਘ ਗਰਚਾ, ਡਾ. ਸੰਜੇ ਕੌਸ਼ਿਕ, ਪ੍ਰੋ. ਅਵਤਾਰ ਸਿੰਘ ਤੇ ਵਿਦਿਆਰਥੀ, ਅਧਿਆਪਕ ਸਾਹਿਬਾਨ। ਅਜੀਤ ਤਸਵੀਰ

# ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਵਲੋਂ ਭਾਸ਼ਣ ਮੁਕਾਬਲੇ

[illegible]



19/5/21

# Online speech competition dedicated to 400th birth anniversary of Guru Tegh Bahadur held

HARPREET SINGH SIDHU
GURUSAR SUDHAR, MAY 18

G.H.G. Khalsa College of Education Gurusar Sudhar in association with Punjab Government today organized a function led by Dr. Nirmal Joura of the Department of Youth Welfare, Punjab University Chandigarh.

A webinar was organized to announce the results of the online speech competition for the students and teachers of the schools and colleges dedicated to the 400th birth anniversary of Guru Tegh Bahadur. After a shabad gayan, Asstt. Prof Jagjit Singh of the college gave a brief information about the speech competition. Principal of the college Pargat



Singh Garcha welcomed all the dignitaries present in the webinar including today's Guest of Honor Lakhmeer Singh Rajput, PCS, Joint Director Cultural Department, Government of Punjab, Chief Guest Dr. Prof. Sanjay Kaushik, Dean College Development Council, Panjab University Chandigarh. Chief spokesperson Prof. Avtar Singh, Ramgarhia College, Phagwara, Guru Nanak Dev University, Amritsar and Dr. Nirmal Joura, Director, Department of Youth Welfare, Panjab University, Chandigarh. The organizer of this speech competition, Dr. Jagjit Singh said that about one hundred and fifty contestants took part in this competition. Each contestant gave a speech of up to 5 minutes. Life of Guru Tegh Bahadur, teachings of Guru Tegh Bahadur, The features of Guru Tegh Bahadur's teachings in the present context or any other topic related to Guru Tegh Bahadur were the topics of this speech competition. The first prize in the first category comprising of college teachers went to Asstt. Prof. Gurdev Singh of GKSM Government college, Urmar Tanda, Hoshiarpur. The second prize went to Jaspreet Kaur, Asstt. Prof. Commerce of Kamla Lohtia SD College Ludhiana and the third prize went to Asstt. Prof. Jaswinder Kaur from DAV College of Education Hoshiarpur.

# COLLEGE NOTES

## DECLAMATION CONTEST RESULTS

Ludhiana: GHG Khalsa College of Education, Gurusar Sadhar, hosted a webinar to announce the results of an online declamation contest dedicated to the 400th birth anniversary of Guru Teg Bahadur. In the college students' category, Manvir Kaur of Government College for Girls, Ludhiana, stood first while Sanjana of GHG Harparkash College of Education for Girls, Sidhwan Khurd, stood second, followed by Ritika Parmar of Lyallpur Khalsa College, Jalandhar, and Manjot Kaur of MGN College of Education, Jalandhar. In the school teachers' category, Manjinder Kaur of GSSS, Basti Jodhewal, bagged first position, followed by Sharanjit Kaur of Government Primary School, Nimbooa (SAS Nagar), Iqbal Singh of GSS Smart School, Sahnewal, and Sarwada Bhalla of Government Primary School, Kot Santokh. TNS

# गुरु तेग बहादुर जी की 400वीं जयंती के उपलक्ष्य में कराई भाषण प्रतियोगिता

सिटी रिपोर्टर। लुधियाना

जीएचजी खालसा कॉलेज ऑफ एजुकेशन, गुरुसर सुधार ने गुरु तेग बहादुर जी की 400वीं जयंती को समर्पित ऑनलाइन भाषण प्रतियोगिता के परिणामों की घोषणा करने के लिए एक वेबिनार का आयोजन किया। भाषण प्रतियोगिता पंजाब सरकार के संरक्षण में और यूथ वेल्फेयर सर्विसेज, पंजाब यूनिवर्सिटी, चंडीगढ़ के सहयोग से स्कूलों और कॉलेजों के छात्रों और शिक्षकों के लिए आयोजित की गई थी। प्रिंसिपल डॉ. परगट सिंह गरचा ने वेबिनार में सभी अतिथियों और प्रतिभागियों का स्वागत किया।

ਮਿਤੀ

14-06-2021

## G.H.G. Khalsa College of Education
## Gurusar Sadhar, Ludhiana

**In Collaboration with**

**CTEF (Council for Teacher Education Foundation)**

**Invites you to a Lecture 2 of Lecture Series to remember important days**

# Martyrdom Day: Shri Guru Arjan Dev Ji

## Life and Teachings

**June 14, 2021 (10.00 a.m to 11:00 a.m)**



**Guest Speaker**

**Dr. Baljit Singh Virk**

**History Department**
**G.H.G. Khalsa College, Gurusar Sadhar**
**Ludhiana**

**Zoom Meeting ID: 450 405 2542 Passcode - 12345**
**Live Streaming on GHGKCE**

**www.ghgcollegesadhar.org**

GHGKCE GHGKCE GHGKCE








# ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

https://youtu.be/u98nWn1fSyo

## ਸਧਾਰ ਕਾਲਜ ਵਿਖੇ 'ਸ਼ਹੀਦੀ ਦਿਹਾੜਾ-ਸ੍ਰੀ ਗੁਰੂ ਅਰਜਨ ਦੇਵ ਜੀ- ਜੀਵਨ ਅਤੇ ਸਿੱਖਿਆਵਾਂ ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ

ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸਧਾਰ, ਲੁਧਿਆਣਾ ਵਿਖੇ ਅੱਜ ਮਿਤੀ 14-06-2021 ਨੂੰ ਕਾਂਸਲ ਫ਼ਾਰ ਟੀਚਰ ਐਜੂਕੇਸ਼ਨ ਫਾਊਂਡੇਸ਼ਨ ਦੀ ਸਰਪ੍ਰਸਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਸ਼ਹੀਦੀ ਦਿਹਾੜਾ-ਸ੍ਰੀ ਗੁਰੂ ਅਰਜਨ ਦੇਵ ਜੀ- ਜੀਵਨ ਅਤੇ ਸਿੱਖਿਆਵਾਂ ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਲਗਭਗ 100 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ।ਵੈਬੀਨਾਰ ਦੀ ਸ਼ੁਰੂਆਤ ਗੁਰੂ ਅਰਜਨ ਦੇਵ ਜੀ ਦੇ ਸ਼ਬਦ 'ਸੁਖਮਨੀ ਸੁਖ ਅੰਮਿਤ ਪ੍ਰਭ ਨਾਮੁ।। ਭਗਤ ਜਨਾ ਕੈ ਮਨਿ ਬਿਸ੍ਰਾਮ।।' ਤੋਂ ਕੀਤੀ ਗਈ। ਅੱਜ ਦੇ ਵੈਬੀਨਾਰ ਵਿੱਚ ਮੰਚ ਦਾ ਸੰਚਾਲਨ ਕਰਦੇ ਹੋਏ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਇਸ ਵੈਬੀਨਾਰ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਕਾਂਸਲ ਫ਼ਾਰ ਟੀਚਰ ਐਜੂਕੇਸ਼ਨ ਫਾਊਂਡੇਸ਼ਨ ਦੇ ਪ੍ਰਧਾਨ ਸਾਹਿਬ ਡਾ. ਖੁਸ਼ਵਿੰਦਰ ਕੁਮਾਰ ਜੀ ਨੇ ਦੱਸਿਆ ਕਿ ਜੀ.ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਨਾਲ ਮਿਲ ਕੇ ਅਸੀਂ ਇੱਕ ਮਹੱਤਵਪੂਰਨ ਦਿਨਾਂ ਨੂੰ ਮਨਾਉਣ ਦੀ ਲੜੀ ਤੋਰੀ ਹੈ ਤਾਂ ਕਿ ਅੱਜ ਦਾ ਵਿਦਿਆਰਥੀ ਗੁਰੂ ਸਹਿਬਾਨ ਨਾਲ ਸੰਬੰਧਿਤ ਕਿਸੇ ਵੀ ਸਰਕਾਰੀ ਛੁੱਟੀ ਨੂੰ ਸਿਰਫ਼ ਇੱਕ ਛੁੱਟੀ ਦੀ ਤਰ੍ਹਾਂ ਹੀ ਨਾ ਸਮਝੇ ਸਗੋਂ ਅਜਿਹੇ ਦਿਨ ਤਾਂ ਗੁਰਆਂ ਪੀਰਾਂ ਪੈਗੰਬਰਾ ਦੁਆਰਾ ਦਿੱਤੀਆਂ ਸਿੱਖਿਆਵਾਂ ਬਾਰੇ ਚਰਚਾ ਕਰਨ ਦਾ ਹੁੰਦਾ ਹੈ।

ਇਸ ਤੋਂ ਬਾਅਦ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਵੈਬੀਨਾਰ ਵਿੱਚ ਸ਼ਾਮਲ ਸਾਰੀਆਂ ਮਾਣਯੋਗ ਸਖ਼ਸ਼ੀਅਤਾਂ ਦਾ ਸਵਾਗਤ ਕਰਦੇ ਹੋਏ ਅੱਜ ਦੇ ਮੁੱਖ ਬੁਲਾਰੇ ਡਾ. ਬਲਜੀਤ ਸਿੰਘ ਵਿਰਕ, ਸਹਾਇਕ ਪ੍ਰੋਫ਼ੈਸਰ, ਇਤਿਹਾਸ ਵਿਭਾਗ, ਜੀ. ਐੱਚ. ਜੀ. ਖ਼ਾਲਸਾ ਕਾਲਜ ਨੂੰ ਰਸਮੀ ਤੌਰ ਤੇ 'ਜੀ ਆਇਆਂ' ਆਖਿਆ।

ਡਾ. ਬਲਜੀਤ ਸਿੰਘ ਵਿਰਕ ਨੇ ਆਪਣੇ ਭਾਸ਼ਣ ਵਿੱਚ ਗੁਰੂ ਅਰਜਨ ਦੇਵ ਜੀ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੀ ਸ਼ਹੀਦੀ ਦੇ ਸਮੇਂ ਨੂੰ, ਉਨ੍ਹਾਂ ਦੁਆਰਾ ਦਿੱਤੀਆਂ ਹੋਈਆਂ ਸਿੱਖਿਆਵਾਂ ਨੂੰ ਅਤੇ ਉਨ੍ਹਾਂ ਸਿੱਖਿਆਵਾਂ ਦਾ ਅੱਜ ਦੇ ਸਮੇਂ ਵਿੱਚ ਮਹੱਤਵ ਨੂੰ ਬਹੁਤ ਵਧੀਆ ਢੰਗ ਨਾਲ ਵਿਸਥਾਰ ਪੂਰਬਕ ਸਮਝਾਇਆ। ਸਾਰੇ ਵੈਬੀਨਾਰ ਵਿੱਚ ਪ੍ਰਤੀਭਾਗੀਆਂ ਨੇ ਸ਼ਾਂਤਮਈ ਤਰੀਕੇ ਨਾਲ ਵਿਰਕ ਸਾਹਿਬ ਦੇ

ਵਿਚਾਰ ਸੁਣੇ ਅਤੇ ਅਖੀਰ ਵਿੱਚ ਕੁਝ ਸਵਾਲ ਵੀ ਅੱਜ ਦੇ ਮੁੱਖ ਬੁਲਾਰੇ ਤੋਂ ਪੁੱਛੇ। ਡਾ. ਵਿਰਕ ਨੇ ਬਹੁਤ ਵਧੀਆ ਤਰੀਕੇ ਨਾਲ, ਘੱਟ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਸਵਾਲਾਂ ਦੇ ਜਵਾਬ ਦਿੱਤੇ। ਕੁੱਲ ਮਿਲਾ ਕੇ ਡਾ. ਵਿਰਕ ਦਾ ਭਾਸ਼ਣ ਬਹੁਤ ਹੀ ਪ੍ਰਭਾਵਸ਼ਾਲੀ ਸੀ

ਕਾਲਜ ਦੇ ਸਕੱਤਰ ਡਾ. ਐੱਸ. ਐੱਸ. ਥਿੰਦ ਨੇ ਪ੍ਰਿੰਸੀਪਲ ਸਹਿਬਾਨ, ਅਧਿਆਪਕਾਂ ਅਤੇ ਸਾਰੇ ਵਿਦਿਆਰਥੀਆਂ ਨੂੰ ਇਸ ਸਫ਼ਲਤਾ ਪੂਰਬਕ ਆਯੋਜਨ ਲਈ ਵਧਾਈ ਦਿੱਤੀ।

15/6/21

# ਸੁਧਾਰ ਕਾਲਜ ਵਿਖੇ 'ਸ਼ਹੀਦੀ ਦਿਹਾੜਾ ਸ੍ਰੀ ਗੁਰੂ ਅਰਜਨ ਦੇਵ ਜੀ ਜੀਵਨ ਅਤੇ ਸਿੱਖਿਆਵਾਂ' ਵਿਸ਼ੇ 'ਤੇ ਵੈਬੀਨਾਰ ਦਾ ਆਯੋਜਨ

ਗੁਰੂਸਰ ਸੁਧਾਰ • ਹਰਪ੍ਰੀਤ ਲਾਡੀ ਸਿੱਧੂ

ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸਧਾਰ, ਲੁਧਿਆਣਾ ਵਿਖੇ ਅੱਜ ਮਿਤੀ 14062021 ਨੂੰ ਕਾਂਸਲ ਫਾਰ ਟੀਚਰ ਐਜੂਕੇਸਨ ਫਾਊਂਡੇਸਨ ਦੀ ਸਰਪ੍ਰਸਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ 'ਸਹੀਦੀ ਦਿਹਾੜਾਸ੍ਰੀ ਗੁਰੂ ਅਰਜਨ ਦੇਵ ਜੀ ਜੀਵਨ ਅਤੇ ਸਿੱਖਿਆਵਾਂ ਵਿਸ਼ੇ 'ਤੇ ਵਿਸ਼ੇਸ਼ ਵੇਬੀਨਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਲਗਭਗ 100 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ ਵੈਬੀਨਾਰ ਦੀ ਸ਼ੁਰੂਆਤ ਗੁਰੂ ਅਰਜਨ ਦੇਵ ਜੀ ਦੇ ਸ਼ਬਦ 'ਸੁਖਮਨੀ ਸੁਖ ਅੰਮਿਤ ਪ੍ਰਭ ਨਾਮੁ।। ਭਗਤ ਜਨਾ ਕੈ ਮਨਿ ਬਿਸ੍ਰਾਮ।।' ਤੋਂ ਕੀਤੀ ਗਈ। ਅੱਜ ਦੇ ਵੈਬੀਨਾਰ ਵਿੱਚ ਮੰਚ ਦਾ ਸੰਚਾਲਨ ਕਰਦੇ ਹੋਏ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਜਗਜੀਤ ਸਿੰਘ ਨੇ ਇਸ ਵੈਬੀਨਾਰ ਬਾਰੇ ਸੰਖੇਪ ਜਾਣਕਾਰੀ ਦਿੱਤੀ। ਕਾਂਸਲ ਫਾਰ ਟੀਚਰ ਐਜੂਕੇਸਨ ਫਾਊਂਡੇਸਨ ਦੇ ਪ੍ਰਧਾਨ ਸਾਹਿਬ ਡਾ. ਖਸਵਿੰਦਰ ਕਮਾਰ ਜੀ ਨੇ ਦੱਸਿਆ ਕਿ ਜੀ.ਐੱਚ. ਜੀ. ਖਾਲਸਾ ਕਾਲਜ ਆਫ ਐਜੂਕੇਸਨ ਨਾਲ ਮਿਲ ਕੇ ਅਸੀਂ ਇੱਕ ਮਹੱਤਵਪੂਰਨ ਦਿਨਾਂ ਨੂੰ ਮਨਾਉਣ ਦੀ ਲੜੀ ਤੋਰੀ ਹੈ ਤਾਂ ਕਿ ਅੱਜ



ਦਾ ਵਿਦਿਆਰਥੀ ਗੁਰੂ ਸਹਿਬਾਨ ਨਾਲ ਸੰਬੰਧਿਤ ਕਿਸੇ ਵੀ ਸਰਕਾਰੀ ਛੁੱਟੀ ਨੂੰ ਸਿਰਫ ਇੱਕ ਛੁੱਟੀ ਦੀ ਤਰ੍ਹਾਂ ਹੀ ਨਾ ਸਮਝੇ ਸਗੋਂ ਅਜਿਹੇ ਦਿਨ ਤਾਂ ਗੁਰਆਂ ਪੀਰਾਂ ਪੈਗੰਬਰਾ ਦੁਆਰਾ ਦਿੱਤੀਆਂ ਸਿੱਖਿਆਵਾਂ ਬਾਰੇ ਚਰਚਾ ਕਰਨ ਦਾ ਹੁੰਦਾ ਹੈ। ਇਸ ਤੋਂ ਬਾਅਦ ਕਾਲਜ ਦੇ ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਵੈਬੀਨਾਰ ਵਿੱਚ ਸ਼ਾਮਲ ਸਾਰੀਆਂ ਮਾਣਯੋਗ ਸਖ਼ਸ਼ੀਅਤਾਂ ਦਾ ਸਵਾਗਤ ਕਰਦੇ ਹੋਏ ਅੱਜ ਦੇ ਮੁੱਖ ਬੁਲਾਰੇ ਡਾ. ਬਲਜੀਤ ਸਿੰਘ ਵਿਰਕ, ਸਹਾਇਕ ਪ੍ਰੋਫੈਸਰ, ਇਤਿਹਾਸ ਵਿਭਾਗ, ਜੀ. ਐੱਚ. ਜੀ. ਖਾਲਸਾ ਕਾਲਜ ਨੂੰ ਰਸਮੀ ਤੌਰ ਤੇ 'ਜੀ ਆਇਆਂ' ਆਖਿਆ। ਡਾ. ਬਲਜੀਤ ਸਿੰਘ ਵਿਰਕ ਨੇ ਆਪਣੇ ਭਾਸਣ ਵਿੱਚ ਗੁਰੂ ਅਰਜਨ ਦੇਵ ਜੀ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੀ ਸਹੀਦੀ ਦੇ ਸਮੇਂ ਨੂੰ, ਉਨ੍ਹਾਂ ਦੁਆਰਾ ਦਿੱਤੀਆਂ ਹੋਈਆਂ ਸਿੱਖਿਆਵਾਂ ਨੂੰ ਅਤੇ ਉਨ੍ਹਾਂ ਸਿੱਖਿਆਵਾਂ ਦਾ ਅੱਜ ਦੇ ਸਮੇਂ ਵਿੱਚ ਮਹੱਤਵ ਨੂੰ ਬਹੁਤ ਵਧੀਆ ਢੰਗ ਨਾਲ ਵਿਸਥਾਰ ਪੂਰਬਕ ਸਮਝਾਇਆ। ਸਾਰੇ ਵੈਬੀਨਾਰ ਵਿੱਚ ਪ੍ਰਤੀਭਾਗੀਆਂ ਨੇ ਸ਼ਾਂਤਮਈ ਤਰੀਕੇ ਨਾਲ ਵਿਰਕ ਸਾਹਿਬ ਦੇ ਵਿਚਾਰ ਸੁਣੇ ਅਤੇ ਅਖੀਰ ਵਿੱਚ ਕੁਝ ਸਵਾਲ ਵੀ ਅੱਜ ਦੇ ਮੁੱਖ ਬੁਲਾਰੇ ਤੋਂ ਪੁੱਛੇ। ਡਾ. ਵਿਰਕ ਨੇ ਬਹੁਤ ਵਧੀਆ ਤਰੀਕੇ ਨਾਲ, ਘੱਟ ਸਬਦਾਂ ਦੀ ਵਰਤੋਂ ਕਰਦੇ ਹੋਏ ਸਵਾਲਾਂ ਦੇ ਜਵਾਬ ਦਿੱਤੇ। ਕੁੱਲ ਮਿਲਾ ਕੇ ਡਾ. ਵਿਰਕ ਦਾ ਭਾਸਣ ਬਹੁਤ ਹੀ ਪ੍ਰਭਾਵਸ਼ਾਲੀ ਸੀ।

Scanned with CamScanner

## G. H. G. Khalsa College of Education, Gurusar Sahdar

*Affiliated to Panjab University Chandigarh*
*Mentor College NAAC Under PARAMARSH Scheme*

# Certificate

*This Certificate is awarded to*

## Dr. Baljit Singh Virk

History Department, GHG Khalsa College, Gurusar Sadhar

For being the Resource Person in **One Day Webinar** on **Martyrdom Day: Shri Guru Arjan Dev Ji - Life and Teachings** on June 14, 2021 on the occasion of Martyrdom Day of Shri Guru Arjan Dev Ji organized by G. H. G. Khalsa College of Education, Gurusar Sadhar, Ludhiana.

Dr. Khushwinder Kumar
**President CTEF**

Dr. Pargat Singh Garcha
**Principal**

# 2019-20 ਦੌਰਾਨ ਸਾਂਝੇ ਤੌਰ 'ਤੇ (ਕਿਸੇ ਵਿਭਾਗ ਨਾਲ ਮਿਲ ਕੇ)

# ਜਾਂ ਇਕਹਰੇ ਪੱਧਰ 'ਤੇ

# ਪੰਜਾਬੀ ਸਾਹਿਤ ਸਭਾ,

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ

# ਕਰਵਾਈਆਂ ਗਤੀਵਿਧੀਆਂ

# ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ -

## ਡਾ. ਜਗਜੀਤ ਸਿੰਘ ਅਤੇ ਪ੍ਰੋ. ਰੁਪਿੰਦਰਜੀਤ ਕੌਰ

**ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ - ਡਾ. ਜਗਜੀਤ ਸਿੰਘ**

**ਪੰਜਾਬੀ ਸਾਹਿਤ ਸਭਾ ਦੇ ਹੋਰ ਮੈਂਬਰ-**

| | |
|---|---|
| **ਸਰਪ੍ਰਸਤ** | **ਡਾ. ਜਗਜੀਤ ਸਿੰਘ** |
| **ਪ੍ਰਧਾਨ** | **ਆਸ਼ੀਮਾ ਬਾਂਸਲ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 107** |
| **ਮੀਤ ਪ੍ਰਧਾਨ** | **ਕੁਲਦੀਪ ਸਿੰਘ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 118** |
| **ਜਰਨਲ ਸਕੱਤਰ** | **ਨਵਦੀਪ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 123** |
| **ਪ੍ਰੈੱਸ ਸਕੱਤਰ** | **ਹਰਸਿਮਰਨਪ੍ਰੀਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 173** |

ਮੈਂਬਰ ਪੰਜਾਬੀ ਅਧਿਆਪਨ ਪੜ੍ਹਨ ਵਾਲੇ ਸਾਰੇ ਵਿਦਿਆਰਥੀ

# ਪੰਜਾਬੀ ਸਾਹਿਤ ਸਭਾ ਦੇ ਉਦੇਸ਼

1) ਪੰਜਾਬੀ ਸਾਹਿਤ ਸਭਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਵੱਧ ਤੋਂ ਵੱਧ ਵਿਕਾਸ ਕਰਨ ਲਈ ਪੰਜਾਬੀ ਵਿੱਚ ਸਾਹਿਤ ਰੁਚੀ ਵਿੱਚ ਰੱਖਣ ਵਾਲੇ ਸਕੂਲੀ ਅਤੇ ਕਾਲਜ ਦੇ ਵਿਦਿਆਰਥੀ, ਪੰਜਾਬੀ ਸਾਹਿਤ ਦੇ ਭਵਿੱਖ ਨਿਰਮਾਤਾ ਅਤੇ ਨਵੇਂ ਪੁੰਗਰ ਰਹੇ ਲੇਖਕਾਂ ਨੂੰ ਸਾਹਿਤ ਦੀ ਹਰ ਵਿਧਾ ਬਾਰੇ ਯੋਗ ਤੇ ਸਾਰਥਕ ਸੇਧ ਦੇਣੀ ਹੈ।
2) ਵਿਦਿਆਰਥੀਆਂ ਦੀ ਹੱਥ ਲਿਖਤ ਨੂੰ ਸੁਲੇਖ ਮੁਕਾਬਲੇ ਦੁਆਰਾ ਨਿਖਾਰਨਾ।
3) ਵਿਦਿਆਰਥੀਆਂ ਦੀਆਂ ਸਾਹਿਤਿਕ ਉਪਲੱਬਧੀਆਂ 'ਤੇ ਕਿਤਾਬਾਂ ਆਦਿ ਇਨਾਮ ਦੇ ਤੌਰ 'ਤੇ ਦੇਣੀਆਂ।
4) ਵੱਖ ਵੱਖ ਕਾਲਜ ਅਤੇ ਯੂਨੀਵਰਸਿਟੀਆਂ ਤੋਂ ਆਪਣੇ ਵਿਸ਼ੇ ਦੇ ਮਾਹਰ (ਜਿਵੇਂ ਪੰਜਾਬੀ ਭਾਸ਼ਾ, ਧਰਮ ਆਦਿ ) ਤੋਂ ਵਿਸ਼ੇਸ਼ ਲੈਕਚਰ ਕਰਵਾਉਣੇ।

| ਲੜੀ ਨੰਬਰ | ਮਿਤੀ | ਗਤੀਵਿਧੀਆਂ |
|---|---|---|
| 1 | **10-01-2020** | **ਜਲ੍ਹਿਆਂ ਵਾਲੇ ਬਾਗ਼ ਦਾ ਸੌਵਾਂ ਸਾਕਾ ਮਨਾਇਆ** |
| 2 | **30-04-2020** | ਆਨਲਾਈਨ ਮਿੰਨੀ ਕਹਾਣੀ ਮੁਕਾਬਲਾ ਕਰਵਾਇਆ |
| 3 | **24-02-2020** | ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ |
| 4 | **21-07-2020** | ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਕੁਇਜ਼ ਕਰਵਾਇਆ |
| 5 | **22-07-2020** | ਸਧਾਰ ਕਾਲਜ ਵਿਖੇ 'ਗੁਰੂ ਤੇਗ਼ ਬਹਾਦਰ ਜੀ : ਜੀਵਨ ਦਰਸ਼ਨ ' ਵਿਸ਼ੇ 'ਤੇ ਵਿਸ਼ੇਸ਼ ਵੈਬੀਨਾਰ ਦਾ ਆਯੋਜਨ ਕਰਵਾਇਆ |

# ਮਿਤੀ

# 10-01-2020

**ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੁਕਸ਼ਨ, ਗੁਰੂਸਰ ਸੁਧਾਰ ਵਿਖੇ ਲੋਹੜੀ ਦਾ ਤਿਓਹਾਰ ਮਨਾਇਆ**

**10.01.2020**

**ਅੱਜ ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕਸ਼ਨ, ਗੁਰੂਸਰ ਸੁਧਾਰ ਵਿਖੇ ਲੋਹੜੀ ਦਾ ਤਿਓਹਾਰ ਸਾਰੇ ਵਿਦਿਆਰਥੀਆਂ ਅਤੇ ਅਧਿਆਪਕ ਸਹਿਬਾਨਾਂ ਵਲੋਂ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸਮਾਰੋਹ ਵਿੱਚ ਡਾ. ਜਸਵੰਤ ਸਿੰਘ, ਪ੍ਰਿਸੀਪਲ, ਜੀ. ਐੱਚ. ਜੀ. ਖਾਲਸਾ ਕਾਲਜ, ਗੁਰੂਸਰ ਸੁਧਾਰ, ਡਾ. ਸਤਵਿੰਦਰ ਕੌਰ, ਪ੍ਰਿੰਸੀਪਲ, ਜੀ. ਐੱਚ. ਜੀ. ਖਾਲਸਾ ਕਾਲਜ ਆਫ ਫਾਰਮੈਸੀ, ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਦਿਨ ਦਾ ਅਗ਼ਾਜ਼ ਦੇਹ ਸ਼ਿਵਾ ਵਰ ਮੋਹਿ ਇਹੈ ਸ਼ਬਦ ਨਾਲ ਕੀਤਾ ਗਿਆ। ਉਦਘਾਟਨੀ ਸਮਾਰੋਹ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਸਰਬਜੀਤ ਕੌਰ ਰਾਣੂ ਜੀ ਨੇ ਸਾਰੇ ਮਹਿਮਾਨਾ ਅਤੇ ਵਿਦਿਆਰਥੀਆਂ ਨੂੰ ੋਜੀ ਆਇਆਂ੍ ਕਿਹਾ। ਲੋਹੜੀ ਦੀ ਅੱਗ ਬਾਲ਼ ਕੇ,  ਈਸ਼ਰ ਆਏ ਦਲਿੱਦਰ ਜਾਏ, ਦਲਿੱਦਰ ਦੀ ਜੜ੍ਹ ਚੁੱਲ੍ਹੈ ਪਾਏ..... ਸ਼ਬਦਾਂ ਨਾਲ ਧੂਣੀ ਵਿੱਚ ਤਿਲ ਸੁੱਟਣ ਦੀ ਰਸਮ ਅਦਾ ਕੀਤੀ ਗਈ।**

**ਇਸ ਸਮਾਰੋਹ ਵਿੱਚ, ਕਾਲਜ ਦੇ ਬੀ. ਐੱਡ. ਅਤੇ ਐੱਮ. ਐੱਡ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ । ਕਈ ਵਿਦਿਆਰਥੀਆਂ ਨੇ ਪੰਜਾਬੀ ਬੋਲੀਆਂ ਪਾਈਆਂ, ਕਈਆਂ ਨੇ ਗਿੱਧਾ ਪੇਸ਼ ਕੀਤਾ, ਵਧੀਆ ਅਵਾਜ਼ ਵਾਲਿਆਂ ਨੇ ਕਵਿਤਾ ਅਤੇ ਲੋਕ ਗੀਤ ਸੁਣਾਏ। ਇਸ ਸਾਰੇ ਪ੍ਰੋਗਰਾਮ ਵਿੱਚ ਸਾਰਾ ਸਟਾਫ਼ ਵੀ ਪਿੱਛੇ ਨਹੀਂ ਰਿਹਾ। ਇਸ ਤਰ੍ਹਾਂ ਨੰਚ ਕੇ, ਟੱਪ ਕੇ ਅਤੇ ਗੀਤ-ਸੰਗੀਤ ਦੇ ਜ਼ਰੀਏ ਮਨ ਪ੍ਰਚਾਵਾ ਕਰ ਕੇ ਲੋਹੜੀ ਦਾ ਤਿਓਹਾਰ ਸਫ਼ਲਤਾ ਪੂਰਵਕ ਮਨਾਇਆ ਗਿਆ।**

# ਮਿਤੀ

# 30-04-2020

## ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਲੋਂ ਆਨਲਾਈਨ ਮਿੰਨੀ ਕਹਾਣੀ ਮੁਕਾਬਲਾ

ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਦੇ ਪੰਜਾਬੀ ਵਿਭਾਗ ਵਲੋਂ ਅਪਰੈਲ 2020 ਵਿੱਚ ਇੱਕ ਆਨਲਾਈਨ ਮਿੰਨੀ ਕਹਾਣੀ ਮੁਕਾਬਲਾ ਕਰਵਾਇਆ ਗਿਆ ਸੀ, ਜਿਸ ਵਿੱਚ ਕੁੱਲ 508 ਮਿੰਨੀ ਕਹਾਣੀਕਾਰਾਂ ਨੇ ਆਪੋ ਆਪਣੀਆਂ ਮਿੰਨੀ ਕਹਾਣੀਆਂ ਭੇਜੀਆਂ, ਜਿਨ੍ਹਾਂ ਵਿੱਚ 9 ਸਾਲ ਦੀ ਉਮਰ ਤੋਂ ਲੈ ਕੇ 78 ਸਾਲ ਦੇ ਮਿੰਨੀ ਕਹਾਣੀਕਾਰਾਂ ਨੇ ਭਾਗ ਲਿਆ। ਪੰਜਾਬ ਦੇ ਹਰ ਜ਼ਿਲ੍ਹੇ ਵਿੱਚੋਂ ਮਿੰਨੀ ਕਹਾਣੀਆਂ ਮਿਲੀਆਂ। ਪੰਜਾਬ ਤੋਂ ਇਲਾਵਾ ਚੰਡੀਗੜ੍ਹ, ਦਿੱਲੀ, ਪੰਚਕੂਲਾ, ਫ਼ਤਿਹਬਾਦ, ਕੁਰੂਕਸ਼ੇਤਰ (ਹਰਿਆਣਾ), ਲਖਨਊ (ਯੂ. ਪੀ.), ਪੁਣੇ (ਮਹਾਰਾਸ਼ਟਰ), ਚਿਨਈ (ਤਾਮਿਲਨਾਡੂ) ਤੋਂ ਵੀ ਮਿੰਨੀ ਕਹਾਣੀਆਂ ਮਿਲੀਆਂ। ਭਾਰਤ ਤੋਂ ਇਲਾਵਾ ਬ੍ਰਮਪਟਨ, ਵੈਨਕੂਵਰ, ਸਰੀ, ਟੋਰਾਂਟੋ (ਕਨੇਡਾ), ਸਨਟੋਟੀਓ, ਕੈਲੀਫ਼ੋਰਨੀਆਂ (ਅਮਰੀਕਾ) ਅਤੇ ਦੁਬਈ ਦੇ ਮਿੰਨੀ ਕਹਾਣੀਕਾਰਾਂ ਨੇ ਵੀ ਇਸ ਮੁਕਾਬਲੇ ਵਿੱਚ ਭਾਗ ਲਿਆ। ਮਿੰਨੀ ਕਹਾਣੀਕਾਰਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ-

ਸ਼੍ਰੇਣੀ ਨੰਬਰ 1 (18 ਸਾਲ ਤੋਂ ਘੱਟ ਉਮਰ ਦੇ ਮਿੰਨੀ ਕਹਾਣੀਕਾਰ)
ਸ਼੍ਰੇਣੀ ਨੰਬਰ 2 (18 ਤੋਂ 35 ਸਾਲ ਦੇ ਮਿੰਨੀ ਕਹਾਣੀਕਾਰ)
ਸ਼੍ਰੇਣੀ ਨੰਬਰ 3 (35 ਸਾਲ ਤੋਂ ਵੱਧ ਉਮਰ ਦੇ ਮਿੰਨੀ ਕਹਾਣੀਕਾਰ)

ਇਸ ਆਨਲਾਈਨ ਮਿੰਨੀ ਕਹਾਣੀ ਮੁਕਾਬਲੇ ਦਾ ਮੁਲਾਂਕਣ ਕਰਨ ਲਈ ਤਿੰਨ ਜੱਜ ਸਹਿਬਾਨਾ ਨੇ ਭੂਮਿਕਾ ਨਿਭਾਈ।

1. ਸ. ਰਘਬੀਰ ਸਿੰਘ ਮਹਿਮੀ (ਐਮ. ਏ. ਪੰਜਾਬੀ. ਅਤੇ ਸਿੱਖ ਅਧਿਐਨ)
2. ਡਾ. ਹਰਪ੍ਰੀਤ ਸਿੰਘ ਰਾਣਾ (ਐਮ. ਏ. ਪੰਜਾਬੀ. ਐਮ. ਫ਼ਿਲ ਪੰਜਾਬੀ, ਬੀ. ਐੱਡ., ਪੀਐੱਚ. ਡੀ (ਪੰਜਾਬੀ) PGDJM)
3. ਡਾ. ਨਾਇਬ ਸਿੰਘ ਮੰਡੇਰ (ਐਮ. ਏ. ਪੰਜਾਬੀ, ਹਿੰਦੀ, ਅੰਗਰੇਜ਼ੀ, ਇਤਿਹਾਸ ਅਤੇ ਲੋਕ ਪ੍ਰਸ਼ਾਸਨ), ਐਮ. ਫ਼ਿਲ ਪੰਜਾਬੀ, ਬੀ. ਐੱਡ., ਪੀਐੱਚ. ਡੀ (ਪੰਜਾਬੀ), ਪੀਐੱਚ. ਡੀ (ਲੋਕ ਪ੍ਰਸ਼ਾਸਨ)

ਸ. ਰਘਬੀਰ ਸਿੰਘ ਮਹਿਮੀ ਪੰਜਾਬੀ ਮਿੰਨੀ ਕਹਾਣੀ ਦੇ ਉੱਘੇ ਮਿੰਨੀ ਕਹਾਣੀਕਾਰਾਂ ਵਜੋਂ ਜਾਣੇ ਜਾਂਦੇ ਹਨ। ਹੁਣ ਤੱਕ ਇਹ ਦੀਆਂ 6 ਪੁਸਤਕਾਂ ਸਾਹਿਤ ਦੀ ਝੋਲੀ ਵਿੱਚ ਪਾ ਚੁੱਕੇ ਹਨ। ਇਸ ਤੋਂ ਇਲਾਵਾ ਅਜੀਤ, ਪੰਜਾਬੀ ਟ੍ਰਿਬਿਊਨ, ਜਗ ਬਾਣੀ, ਦੇਸ਼ ਸੇਵਕ, ਚੜ੍ਹਦੀ ਕਲਾ ਆਦਿ ਤੋਂ ਇਲਾਵਾ ਵੱਖ-ਵੱਖ ਰਸਾਲਿਆਂ ਵਿੱਚ ਛਪਦੀਆਂ ਰਹਿੰਦੀਆਂ ਹਨ। ਸਮੇਂ-ਸਮੇਂ ’ਤੇ ਪਟਿਆਲਾ ਰੇਡੀਓ ਸਟੇਸ਼ਨ ਤੋਂ ਇਨ੍ਹਾਂ ਦੀਆਂ ਮਿੰਨੀ ਕਹਾਣੀਆਂ ਬ੍ਰਾਡ ਕਾਸਟ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੀਆਂ ਮਿੰਨੀ ਕਹਾਣੀਆਂ ’ਤੇ ਐੱਮ. ਫ਼ਿਲ. ਪੱਧਰ ’ਤੇ ਖੋਜ-ਕਾਰਜ ਵੀ ਕੀਤਾ ਗਿਆ ਹੈ।

ਡਾ.ਹਰਪ੍ਰੀਤ ਸਿੰਘ ਰਾਣਾ ਨੇ ਦੋ ਮੌਲਿਕ , ਅੱਠ ਸੰਪਾਦਿਤ /ਸਹਿ ਸੰਪਾਦਿਤ ਪੁਸਤਕਾਂ ਤੋਂ ਇਲਾਵਾ ਤਿੰਨ ਸਾਹਿਤਕ ਪਰਚਿਆਂ ਦੀ ਵੀ ਸੰਪਾਦਨਾਂ ਕੀਤੀ ਹੈ। ਵਰਤਮਾਨ ਸਮੇਂ ਪੰਜਾਬੀ ਮਿੰਨੀ ਕਹਾਣੀਆਂ ਦਾ ਨਿਰੋਲ ਤਿਮਾਹੀ ਰਸਾਲਾ 'ਛਿਣ' ਸੰਪਾਦਿਤ ਕਰ ਰਹੇ ਹਨ।

ਡਾ. ਨਾਇਬ ਸਿੰਘ ਮੰਡੇਰ, ਰਤੀਆ, ਹਰਿਆਣਾ ਤੋਂ ਹਨ। ਪੰਜਾਬੀ ਮਿੰਨੀ ਕਹਾਣੀ 'ਤੇ ਐੱਮ. ਫ਼ਿਲ ਅਤੇ ਪੀਐੱਚ. ਡੀ. ਕਰਨ ਵਾਲੇ ਇਹ ਪਹਿਲੇ ਖੋਜਾਰਥੀ ਹਨ ਜੋ ਸਾਹਿਤਕ ਖੇਤਰ ਵਿੱਚ 1982 ਤੋਂ ਲਗਾਤਾਰ ਸਰਗਰਮ ਹਨ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪੰਜਾਬੀ ਮਿੰਨੀ ਕਹਾਣੀ 'ਤੇ ਖੋਜ ਪੱਤਰ ਅਕਸਰ ਪੜ੍ਹਦੇ ਅਤੇ ਵੱਖ ਵੱਖ ਮਿੰਨੀ ਕਹਾਣੀ ਮੁਕਾਬਲਿਆਂ ਵਿੱਚ ਜੱਜਮੈਂਟ ਦੀ ਭੂਮਿਕਾ ਨਿਭਾਉਂਦੇ ਰਹਿੰਦੇ ਹਨ।

## ਆਨਲਾਈਨ ਮਿੰਨੀ ਕਹਾਣੀ ਮੁਕਾਬਲੇ ਦਾ ਨਤੀਜਾ

### ਸ਼੍ਰੇਣੀ ਨੰਬਰ 1 (18 ਸਾਲ ਤੋਂ ਘੱਟ ਉਮਰ ਦੇ ਮਿੰਨੀ ਕਹਾਣੀਕਾਰ)

| ਰੈਫਰੈਂਸ ਨੰਬਰ | ਮਿੰਨੀ ਕਹਾਣੀ | ਮਿੰਨੀ ਕਹਾਣੀਕਾਰ |
|---|---|---|
| ਪਹਿਲਾ ਇਨਾਮ | ਬੰਜਰ | ਮੰਨਤ ਰਾਣਾ |
| ਦੂਜਾ ਇਨਾਮ | ਢਿੱਡ ਦੀ ਅੱਗ | ਮਨਪ੍ਰੀਤ ਕੌਰ |
| ਤੀਜਾ ਇਨਾਮ | ਪੱਤਝੜ ਤੋਂ ਬਸੰਤ ਤੱਕ | ਗੁਰਮੀਤ ਕੌਰ |

### ਸ਼੍ਰੇਣੀ ਨੰਬਰ 2 (18 ਤੋਂ 35 ਸਾਲ ਦੇ ਮਿੰਨੀ ਕਹਾਣੀਕਾਰ)

| ਰੈਫਰੈਂਸ ਨੰਬਰ | ਮਿੰਨੀ ਕਹਾਣੀ | ਮਿੰਨੀ ਕਹਾਣੀਕਾਰ |
|---|---|---|
| ਪਹਿਲਾ ਇਨਾਮ | ਲਾਕਡਾਊਨ | ਇਬਦਾਲ ਰਿੰਕੂ |
| ਦੂਜਾ ਇਨਾਮ | ਪੁੰਨ | ਗੁਰਜੰਟ ਤਕੀਰਪੁਰ |
| ਤੀਜਾ ਇਨਾਮ | ਚੁੱਪ | ਗੁਰਜੋਤ |

### ਸ਼੍ਰੇਣੀ ਨੰਬਰ 3 (35 ਸਾਲ ਤੋਂ ਵੱਧ ਉਮਰ ਦੇ ਮਿੰਨੀ ਕਹਾਣੀਕਾਰ)

| ਰੈਫਰੈਂਸ ਨੰਬਰ | ਮਿੰਨੀ ਕਹਾਣੀ | ਮਿੰਨੀ ਕਹਾਣੀਕਾਰ |
|---|---|---|

| | | |
|---|---|---|
| ਪਹਿਲਾ ਇਨਾਮ | ਜਿਸ ਤਨ ਲਾਗੇ ਸੋ ਤਨ ਜਾਣੈ | ਗੁਰਸੇਵਕ ਸਿੰਘ ਭੰਗਾਲੀ |
| ਦੂਜਾ ਇਨਾਮ | ਪੁੰਨ ਦਾ ਬੋਝ | ਹਰਜੀਤ ਸਿੰਘ |
| ਦੂਜਾ ਇਨਾਮ | ਲੋੜਵੰਦ | ਸਿਮਰਜੀਤ ਸਿੰਘ ਮੀਮਸਾ |
| ਤੀਜਾ ਇਨਾਮ | ਵਾਇਰਸ | ਦਲਜੀਤ ਕੌਰ |

# ਮੈਰਿਟ ਵਿੱਚ ਆਉਣ ਵਾਲੀਆਂ ਮਿੰਨੀ ਕਹਾਣੀਆਂ

## ਸ਼੍ਰੇਣੀ ਨੰਬਰ 1 (18 ਸਾਲ ਤੋਂ ਘੱਟ ਉਮਰ ਦੇ ਮਿੰਨੀ ਕਹਾਣੀਕਾਰ)

| **ਰੈਫਰੈਂਸ ਨੰਬਰ** | **ਮਿੰਨੀ ਕਹਾਣੀ** | **ਮਿੰਨੀ ਕਹਾਣੀਕਾਰ** |
|---|---|---|
| 159 | ਖਰੀਦਦਾਰ | ਰੋਮਾਂਸ਼ੀ ਸ਼ਰਮਾ |
| 196 | ਭੁੱਖ | ਗੁਰਨਦਰਿ |
| 239 | ਸਵੱਛ ਭਾਰਤ | ਕੋਮਲਪ੍ਰੀਤ ਕੌਰ |
| 195 | ਰੱਬ ਨੂੰ ਤੋਹਫ਼ਾ | ਹਰਲੀਨ |
| 415 | ਗਰੀਬੀ ਦੀ ਤਾਲਾਬੰਦੀ | ਸ਼ੀਤਲ ਕੁਮਾਰੀ |
| 271 | ਜਾਦੂਗਰ | ਹਰਸ਼ਾਨ ਕੁਮਾਰ |
| 204 | ਗਰੀਬੀ | ਸਹਿਜਪ੍ਰੀਤ ਕੌਰ ਗਰੇਵਾਲ |
| 344 | ਕੋਰੋਨਾ | ਮਨਅੰਕੁਰ ਪ੍ਰੀਤ ਭਗਵੰਤ ਪਾਲ ਕੌਰ ਗਲੋਰੀ |
| 221 | ਚੰਗੀ ਸੋਚ | ਬਵਨੀਤ ਕੌਰ |
| 249 | ਮਹਿਕ ਦਾ ਰੌਕਸੀ | ਕਸ਼ਿਸ਼ ਸੋਬਲ |

## ਸ਼੍ਰੇਣੀ ਨੰਬਰ 2 (18 ਤੋਂ 35 ਸਾਲ ਦੇ ਮਿੰਨੀ ਕਹਾਣੀਕਾਰ)

| ਰੈਫਰੈਂਸ ਨੰਬਰ | ਮਿੰਨੀ ਕਹਾਣੀ | ਮਿੰਨੀ ਕਹਾਣੀਕਾਰ |
|---|---|---|
| 15 | ਭ੍ਰਿਸ਼ਟ ਕੌਣ | ਜਗਦੀਪ ਸਿੰਘ |
| 21 | ਪੈਸਾ ਭਾਨ ਡਾਲਰ | ਰਾਜਦੀਪ ਕੌਰ ਡਾਂਗੋਨ |
| 27 | ਸਰਵਣ ਪੁੱਤ | ਜਨਪ੍ਰੀਤ ਕੌਰ |
| 33 | ਮੈਂ ਕਿੱਥੇ ਹਾਂ? | ਹਰਵਿੰਦਰ ਕੌਰ |
| 38 | ਕੁਝ ਖ਼ਾਸ | ਅਵਨੀਤ ਕੌਰ |
| 54 | ਵੱਡੀ ਉਮਰ ਛੋਟੀ ਸੋਚ | ਇੰਦਰਜੀਤ ਸਿੰਘ |
| 58 | ਗਰੀਬ ਕੌਣ | ਮਨਦੀਪ ਕੌਰ |
| 85 | ਬਾਪ ਦਾ ਹੱਥ | ਲਖਵਿੰਦਰ ਸਿੰਘ |
| 86 | ਵੇਲਾ | ਕਿਰਨਦੀਪ ਕੌਰ |
| 88 | ਰਿਫ੍ਹਿਊਜ਼ੀ | ਗੁਰਮੁਖ ਸਿੰਘ |
| 95 | ਖੁੱਲ ਗਏ ਭੇਤ ਪਖੰਡਾਂ ਦੇ | ਚਰਨਜੀਤ ਸਿੰਘ ਰਾਜੌਰ |
| 122 | ਅਹਿਸਾਸ | ਕੇਵਲ ਸਿੰਘ ਧਰਮਪੁਰਾ |
| 166 | ਟੁੱਟਿਆ ਹੋਇਆ ਬੂਟ | ਰਾਜਦੀਪ ਕੌਰ |
| 185 | ਦਵੰਦ | ਜਸਪ੍ਰੀਤ ਕੌਰ |
| 186 | ਲਾਲਸਾ | ਇੰਦਰਜੀਤ ਸਿੰਘ ਬਰਿਆਰ |

| | | |
|---|---|---|
| 193 | ਸੁਰਮਾ | ਸੁਖਪ੍ਰੀਤ ਕੌਰ |
| 199 | ਲੋਕ-ਲੱਜ | ਪਰਮਦੀਰਪਾਲ ਪਰਮ |
| 202 | ਸੂਰਜ ਨੂੰ ਚੁਨੌਤੀ | ਪ੍ਰਿੰਸ ਕੁਮਾਰ |
| 223 | ਦਿਲ ਦੀ ਕੋਮਲਤਾ | ਮਨਦੀਪ ਕੌਰ |
| 224 | ਜਾਨਵਰ | ਨਵਪ੍ਰੀਤ ਕੌਰ |
| 247 | ਮਦਰ ਡੇ | ਰਣਜੀਤ ਸਿੰਘ |
| 266 | ਦੋਗਲੀ ਸੋਚ | ਮਨਪ੍ਰੀਤ ਕੌਰ |
| 273 | ਬੱਚੀ ਦੀ ਦੁਆ | ਹਰਮਨ ਪ੍ਰੀਤ ਕੌਰ |
| 276 | ਮਾਮੇ ਦੀ ਡਾਹਢੀ ਭੁੱਲ | ਹਰਦੀਪ ਸਿੰਘ |
| 287 | ਰਾਜਿਆਂ ਦੀ ਭੁੱਖ | ਸਿਮਰਨਪ੍ਰੀਤ ਕੌਰ |
| 308 | ਗੱਠੜੀ | ਸੁਖਵਿੰਦਰ ਸਿੰਘ |
| 319 | ਕਿਹੜਾ ਘਰ? | ਸਤਨਾਮ ਸਿੰਘ |
| 396 | ਇਕਾਂਤਵਾਸ | ਜੀਵਨਜੋਤ ਕੌਰ |
| 406 | ਫ਼ਰਜ਼ | ਸਤਿੰਦਰ ਕੌਰ |
| 424 | ਕੁੜੀ ਅਤੇ ਕੁੜੀ | ਰਾਜਵਿੰਦਰ ਕੌਰ |
| 451 | ਬਦਲਾਅ | ਰਚਨਾ ਸ਼ਰਮਾ |
| 456 | ਜੱਟ ਦੀਆਂ ਮੜੀਆਂ | ਏਕਮਜੋਤ ਸਿੰਘ |
| 457 | ਬੀਜ | ਤਰਨਜੋਤ ਕੌਰ |
| 470 | ਖਾਲੀ ਅਟੈਚੀ | ਡਾ. ਹਰਮਿੰਦਰ ਚੀਮਾਂ |
| 471 | ਪੀੜ੍ਹੀ ਹੇਠ ਸੋਟਾ | ਜਸ਼ਨਪ੍ਰੀਤ ਕੌਰ |
| 475 | ਬਿਰਧ ਆਸ਼ਰਮ | ਜਸਦੀਪ ਕੌਰ |
| 483 | ਮੇਰੇ ਚਾਅ | ਪ੍ਰਭਜੋਤ ਕੌਰ |
| 486 | ਗਲਤੀ ਕਿਸਦੀ | ਸੁਖਵੀਰ ਕੌਰ |

## ਸ਼੍ਰੇਣੀ ਨੰਬਰ 3 (35 ਸਾਲ ਤੋਂ ਵੱਧ ਉਮਰ ਦੇ ਮਿੰਨੀ ਕਹਾਣੀਕਾਰ)

| ਰੈਫਰੈਂਸ ਨੰਬਰ | ਮਿੰਨੀ ਕਹਾਣੀ | ਮਿੰਨੀ ਕਹਾਣੀਕਾਰ |
|---|---|---|
| 172 | ਲੁਕਣ ਮੀਚੀ | ਹਰਜੀਤ ਕੌਰ ਵਿਰਕ |
| 508 | ਲੋਨ | ਡਾ. ਮਨਜਿੰਦਰ ਕੌਰ ਸੈਣੀ |
| 10 | ਸਵਾਰਥ | ਹਰਜੀਤ ਕੌਰ |
| 93 | ਮੱਕੜ ਜਾਲ | ਜਸਬੀਰ ਸਿੰਘ |
| 333 | ਆਫ਼ਤ | ਅਮਰੀਕ ਸਿੰਘ ਜੰਮੂ |
| 446 | ਇੱਕ ਸੀ ਭੋਲਾ | ਸੀਮਾ ਵਰਮਾ |
| 53 | ਕੂੜਾ ਦਾਨ | ਗੁਰਸੇਵਕ ਸਿੰਘ ਢਿੱਲੋਂ |
| 02 | ਮਾਂ ਦੇ ਕਿੰਨੇ ਰੂਪ | ਪਰਮਿੰਦਰ ਸਿੰਘ |
| 29 | ਮਾਤਾ ਬਨਾਮ ਦਾਦੀ ਮਾਤਾ | ਤਸਵਿੰਦਰ ਸਿੰਘ ਬੜੈਚ |
| 49 | ਪੈਨਸ਼ਨ | ਨੇਤਰ ਸਿੰਘ ਮੁੱਤੋ |
| 55 | ਡਰਾਉਣੇ | ਵਿਵੇਕ |
| 56 | ਅਮੀਰ ਬੇਬੇ | ਸੁਖਦਰਸ਼ਨ ਸਿੰਘ |
| 89 | ਆਂਦਰਾਂ | ਗੁਰਦੀਪ ਲੋਪੋਂ |
| 105 | ਆਪਣਾ ਬੇਗਾਨਾ | ਨਿਰੰਜਣ ਬੋਹਾ |

| | | |
|---|---|---|
| 116 | ਡਰ | ਰਾਜਵੰਤ ਕੌਰ |
| 123 | ਅਕਲ | ਕਿਰਨਦੀਪ ਕੌਰ |
| 134 | ਦੁੱਖ ਦਾਰੂ | ਗੁਰਮੀਤ ਸਿੰਘ |
| 155 | ਕਲੰਕ | ਦਵਿੰਦਰਜੀਤ ਸਿੰਘ |
| 213 | ਜਤੀ-ਤਪੀ | ਪੂਨਮ ਬਿਲਿੰਗ |
| 250 | ਫ਼ਰਕ | ਸ਼ਵਿੰਦਰ ਕੌਰ |
| 285 | ਅੱਖਾਂ | ਸੁਖਵਿੰਦਰ ਦਾਨਗੜ੍ਹ |
| 340 | ਸਮੇਂ ਦਾ ਗੇੜ | ਰਮਨਜੀਤ ਸਿੰਘ |
| 375 | ਲਾਕਡਾਊਨ | ਰਾਜ ਕੌਰ |
| 355 | ਉਧਾਰ ਦਾ ਅਮੀਰ | ਮਨਦੀਪ ਸਿੰਘ |
| 401 | ਆਪੋ ਆਪਣਾ ਹਿੱਸਾ | ਸੁਰਿੰਦਰ ਕੌਰ |
| 428 | ਕਰਮਾਂ ਵਾਲਾ ਲਾਕਡਾਉਨ | ਹਰਭਿੰਦਰ ਸਿੰਘ ਸੇਖੋਂ |

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

ਦੀ ਸਰਪ੍ਰਸਤੀ ਹੇਠ

## ਆਨਲਾਈਨ ਮਿੰਨੀ ਕਹਾਣੀ ਮੁਕਾਬਲਾ

ਨਿਯਮ-

1) ਮਿਨੀ ਕਹਾਣੀ ਪੰਜਾਬੀ 'ਚ ਹੀ ਹੋਣੀ ਚਾਹੀਦੀ ਹੈ।
2) ਹਰ ਪ੍ਰਤੀਯੋਗੀ ਦੀ ਰਚਨਾ ਮੌਲਿਕ ਹੀ ਹੋਣੀ ਚਾਹੀਦੀ ਹੈ।
3) ਮਿਨੀ ਕਹਾਣੀ ਕਿਸੇ ਵੀ ਥਾਂ 'ਤੇ (ਰਸਾਲੇ, ਅਖ਼ਬਾਰ ਜਾਂ ਮੈਗਜ਼ੀਨ 'ਚ) ਛਪੀ ਨਹੀਂ ਹੋਣੀ ਚਾਹੀਦੀ।
4) ਇਸ ਮੁਕਾਬਲੇ ਵਿੱਚ ਹਰ ਵਿਅਕਤੀ ਭਾਗ ਲੈ ਸਕਦਾ ਹੈ। ਮਿਨੀ ਕਹਾਣੀ ਮੁਕਾਬਲਾ ਤਿੰਨ ਅਲੱਗ-ਅਲੱਗ ਵਰਗਾਂ ਵਿੱਚ ਹੋਵੇਗਾ-
   (ੳ) ਪਹਿਲਾ ਵਰਗ (18 ਸਾਲ ਤੋਂ ਘੱਟ ਉਮਰ ਵਾਲੇ ਪ੍ਰਤੀਯੋਗੀ)
   (ਅ) ਦੂਜਾ ਵਰਗ (18 ਤੋਂ 35 ਸਾਲ ਵਾਲੇ ਪ੍ਰਤੀਯੋਗੀ)
   (ੲ) ਤੀਜਾ ਵਰਗ (35 ਸਾਲ ਤੋਂ ਵੱਧ ਉਮਰ ਵਾਲੇ ਪ੍ਰਤੀਯੋਗੀ)
5) ਮਿਨੀ ਕਹਾਣੀ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ।
6) ਪ੍ਰਤੀਯੋਗੀ ਆਪੋ-ਆਪਣੀਆਂ ਮਿਨੀ ਕਹਾਣੀਆਂ ਸਾਫ਼ ਰੂਪ ਵਿੱਚ ਲਿਖ ਕੇ ਜਾਂ ਆਪਣੇ ਮੋਬਾਈਲ 'ਤੇ ਯੂਨੀਕੋਡ ਵਿੱਚ ਟਾਈਪ ਕਰ ਕੇ ਜਾਂ ਆਪਣੇ ਲੈਪਟਾਪ (ਜਾਂ ਕੰਪਿਊਟਰ) 'ਤੇ ਅਸੀਸ, ਅਨਮੋਲ ਲਿਪੀ ਜਾਂ ਗੁਰਮੁਖੀ ਫੌਂਟ 'ਚ ਟਾਈਪ ਕਰ ਕੇ jagjitmehmi@gmail.com 'ਤੇ ਮੇਲ ਜਾਂ 9988003532 'ਤੇ ਵੱਟਸਅੱਪ ਕਰ ਸਕਦੇ ਹਨ।
7) ਮਿਨੀ ਕਹਾਣੀ ਭੇਜਣ ਦੀ ਅੰਤਿਮ ਮਿਤੀ 30 ਅਪਰੈਲ 2020 ਹੈ।
8) ਜੱਜ ਸਹਿਬਾਨ ਦਾ ਫ਼ੈਸਲਾ ਅੰਤਿਮ ਹੋਵੇਗਾ।
9) ਹਰ ਪ੍ਰਤੀਯੋਗੀ ਨੂੰ ਪ੍ਰਸੰਸਾ ਸਰਟੀਫ਼ਿਕੇਟ ਦਿੱਤਾ ਜਾਵੇਗਾ।
10) ਹਰ ਵਰਗ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ।
11) ਵਧੀਆ ਪੱਧਰ ਦੀਆਂ ਮਿਨੀ ਕਹਾਣੀਆਂ ਨੂੰ ਛਾਪਿਆ ਜਾਵੇਗਾ।
12) ਹਰ ਪ੍ਰਤੀਯੋਗੀ ਆਪਣਾ ਨਾਂ, ਉਮਰ (ਜਨਮ ਮਿਤੀ), ਪਤਾ, ਇੱਕ ਫ਼ੋਟੋ, ਜਮਾਤ ਅਤੇ ਸੰਸਥਾ (ਜੇ ਕਿਤੇ ਪੜ੍ਹਦਾ ਹੋਵੇ) ਜ਼ਰੂਰ ਭੇਜੇ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ-

- ਡਾ. ਜਗਜੀਤ ਸਿੰਘ 9988003532 ਪ੍ਰੋ. ਰੁਪਿੰਦਰਜੀਤ ਕੌਰ 9478436117

Re-Accredited by NAAC with
'A' Grade (CGPA 3.30)

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ

*Affiliated to Panjab University, Chandigarh*

***Mentor College NAAC Under PARAMARSH Scheme***

ਤਸਦੀਕ ਕੀਤਾ ਜਾਂਦਾ ਹੈ ਕਿ ਕਿਰਨਦੀਪ ਕੌਰ ਜੀ ਨੇ **ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ** ਵਲੋਂ ਕਰਵਾਏ **ਆਨਲਾਈਨ ਮਿੰਨੀ ਕਹਾਣੀ** ਮੁਕਾਬਲੇ ਵਿੱਚ ਭਾਗ ਲਿਆ/ ਮਿੰਨੀ ਕਹਾਣੀ, ਸਾਹਿਤ ਦੀ ਅਜਿਹੀ ਵਿਧਾ ਹੈ, ਜੋ ਵਾਧੇ ਤੇ ਵਿਕਾਸ ਦੌਰ ਵਿੱਚੋਂ ਗੁਜ਼ਰ ਰਹੀ ਹੈ/ ਇਸ ਪ੍ਰਕਿਰਿਆ ਵਿੱਚ ਆਪ ਦੁਆਰਾ ਕੀਤੀ ਕੋਸ਼ਿਸ਼ ਲਈ ਅਸੀਂ ਧੰਨਵਾਦੀ ਹਾਂ ਅਤੇ ਭਵਿੱਖ ਵਿੱਚ ਆਪ ਜੀ ਹੋਰ ਵੀ ਅੱਗੇ ਵਧੋ, ਇਹ ਹੀ ਕਾਮਨਾ ਕਰਦੇ ਹਾਂ/

| Secretary | Principal | Organizers |
| --- | --- | --- |
| Dr. S.S. Thind | Dr. Pargat Singh Garcha | Dr. Jagjit Singh & Mrs. Rupinderjit Kaur |

ਮਿਤੀ

# 24-02-2020

# ਜੀ. ਐੱਚ. ਜੀ. ਖਾਲਸਾ ਕਾਲਜ ਆਫ. ਐਜੁਕੇਸ.ਨ, ਗੁਰੂਸਰ ਸੁਧਾਰ ਵਿਖੇ ਅੰਤਰ-ਰਾਸ.ਟਰੀ ਮਾਂ-ਬੋਲੀ ਦਿਵਸ ਮਨਾਇਆ ਗਿਆ

**24-02-2020**

ਅੱਜ ਜੀ. ਐੱਚ. ਜੀ. ਖਾਲਸਾ ਕਾਲਜ ਆਫ. ਐਜੁਕੇਸ.ਨ, ਗੁਰੂਸਰ ਸੁਧਾਰ ਵਿਖੇ ਅੰਤਰ-ਰਾਸ.ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ ਇੱਕ ਵਿਸ.ੇਸ. ਸਮਾਗਮ ਕਰਵਾਇਆ ਗਿਆ ਜੋ ਸਮੂੰਹ ਸਟਾਫ ਅਤੇ ਵਿਦਿਆਰਥੀਆਂ ਨੇ ਬੜੇ ਸ.ਰਧਾ ਅਤੇ ਚਾਅ ਨਾਲ ਮਨਾਇਆ । ਇਸ ਮੌਕੇ ਤ ਸ. ਪ੍ਰਭਜੋਤ ਸਿੰਘ ਸੋਹੀ ਅਤੇ ਸ. ਰਣਜੀਤ ਸਿੰਘ ਹਠੂਰ ਜੀ ਨੇ ਮੁੱਖ ਮਹਿਮਾਨ ਵਜੋ੧ ਸਿ.ਰਕਤ ਕੀਤੀ। ਇਸ ਮੌਕੇ ਤ ਕਾਲਜ ਦੇ ਪ੍ਰਿੰਸੀਪਲ ਡਾ. ਸਰਬਜੀਤ ਕੌਰ ਰਾਣੂ, ਸਮੂੰਹ ਸਟਾਫ ਅਤੇ ਵਿਦਿਆਰਥੀ ਹਾਜ.ਰ ਸਨ। ਪ੍ਰੋਗਰਾਮ ਦੀ ਸ.ੁਰੂਆਤ ਦੇਹ ਸਿ.ਵਾ ਵਰ ਮੋਹਿ ਇਹੈ.... ਸ.ਬਦ ਨਾਲ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਅਤੇ ਪੰਜਾਬੀ ਵਿਭਾਗ ਵਲੋ੧ ਮੁੱਖ ਮਹਿਮਾਨਾਂ ਨੂੰ ਫੁੱਲਾਂ ਦਾ ਗੁਲਦਸਤਾ ਭੇ੧ਟ ਕੀਤਾ ਗਿਆ। ਇਸ ਮਗਰੋ੧ ਕਾਲਜ ਦੇ ਸਹਾਇਕ ਪ੍ਰੋਫ.ੈਸਰ ਰੁਪਿੰਦਰਜੀਤ ਕੌਰ ਜੀ ਨੇ ਰਸਮੀ ਤੌਰ ੋਤੇ ਮੁੱਖ ਮਹਿਮਾਨ ਸਾਹਿਬ ਨੂੰ ੈਜੀ ਆਇਆਂੋ ਕਿਹਾ। ਆਪਣੇ ਰਸਮੀ ਭਾਸ.ਣ ਵਿੱਚ ਡਾ. ਸਰਬਜੀਤ ਕੌਰ ਜੀ ਨੇ ਮਾਂ ਬੋਲੀ ਪੰਜਾਬੀ ਭਾਸ.ਾ ਵਿੱਚ ਆ ਰਹੇ ਨਿਘਾਰ ਬਾਰੇ ਅਤੇ ਮਾਂ ਬੋਲੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਮਾਂ ਬੋਲੀ ਦੀ ਮਹੱਤਤਾ ਨੂੰ ਦਰਸਾ ਰਹੇ ਸਮੁੱਚੇ ਪ੍ਰੋਗਰਾਮ ਵਿੱਚ ਮੰਚ ਦਾ ਸੰਚਾਲਨ ਕਾਲਜ ਦੇ ਵਿਦਿਆਰਥੀ ਲਖਬੀਰ ਸਿੰਘ ਨੇ ਕੀਤਾ। ਕਾਲਜ ਦੇ ਸਹਾਇਕ ਪ੍ਰੋਫ.ੈਸਰ ਡਾ. ਜਸਲੀਨ ਕੌਰ ਜੀ

ਅਤੇ ਪ੍ਰੋ. ਗੁਰਮੀਤ ਹਠੂਰ ਜੀ ਨੇ ਲੋਕ ਗੀਤ ਅਤੇ ਕਵਿਤਾ ਪੇਸ. ਕੀਤੀ। ਬੀ. ਐੱਡ. ਅਤੇ ਐੱਮ. ਐੱਡ ਦੇ ਵਿਦਿਆਰਥੀਆਂ ਵਲੋਂ ਇਸ ਮੌਕੇ ਤੇ ਮਾਂ-ਬੋਲੀ ਸੰਬੰਧਿਤ ਕਵਿਤਾ, ਲੋਕ ਗੀਤ, ਸਿੱਠਣੀਆਂ, ਬੁਝਾਰਤਾਂ, ਭਾਸ.ਣ, ਲੇਖ ਆਦਿ ਪੇਸ. ਕੀਤੇ ਗਏ।

ਪ੍ਰਭਜੋਤ ਸਿੰਘ ਜੀ ਨੇ ਵਿਦਿਆਰਥੀਆਂ ਦਾ ਮਾਰਗ ਦਰਸ.ਨ ਕਰਦੇ ਹੋਏ ਕਿਹਾ ਕਿ ਪੰਜਾਬੀ ਕਦੇ ਵੀ ਨਾ ਮਰਨ ਵਾਲੀ ਭਾਸ.ਾ ਹੈ ਕਿਉਂਕਿ ਇਹ ਸਾਡੇ ਹੱਡਾਂ ੇਚ ਰਚੀ ਹੋਈ ਹੈ, ਪੰਜਾਬੀ ਨੂੰ ਮਾਰਨ ਵਾਲੇ ਮਰ ਜਾਣਗੇ ਪਰ ਪੰਜਾਬੀ ਕਦੇ ਨਹੀਂ ਮਰੇਗੀ। ਸ. ਰਣਜੀਤ ਸਿੰਘ ਹਠੂਰ ਜੋ ਕਿ ਇੱਕ ਅਧਿਆਪਕ ਵਜੋ੧ ਸੇਵਾ ਨਿਭਾ ਰਹੇ ਹਨ, ਨੇ ਕਿਹਾ ਕਿ ਰੋਜ. ਬੱਚਿਆਂ ਦੀਆਂ ਕਾਪੀਆਂ ਚੈੱਕ ਕਰਨ ਲੱਗੇ ਦਿੱਖ ਰਿਹਾ ਹੈ ਕਿ ਗ.ਲਤੀਆਂ ਬਹੁਤ ਵੱਧ ਰਹੀਆਂ ਹਨ, ਪਰ ਇਨ੍ਹਾਂ ਗ.ਲਤੀਆਂ ਨੂੰ ਦੂਰ ਕਰਨ ਦਾ ਜਿੰਮਾਂ ਵੀ ਅਸੀ੧ ਆਪਣੇ ਸਿਰ ਹੀ ਲੈਣਾ ਹੈ। ਵਿਦਿਆਰਥੀਆਂ ਦੀਆਂ ਗ.ਲਤੀਆਂ ਨੂੰ ਦੂਰ ਕਰਨ ਅਤੇ ਮਾਂ-ਬੋਲੀ ਨੂੰ ਉਸ ਦਾ ਬਣਦਾ ਸਥਾਨ ਦੇਣ ਵਿੱਚ ਬੀ. ਐੱਡ. ਅਤੇ ਐੱਮ. ਐੱਡ. ਦੇ ਵਿਦਿਆਰਥੀ ਵਿਸ.ੇਸ. ਭੂਮਿਕਾ ਨਿਭਾ ਸਕਦੇ ਹਨ, ਕਿਉ੧ਕਿ ਭਵਿੱਖ ਵਿੱਚ ਉਨ੍ਹਾਂ ਅਧਿਆਪਕ ਹੀ ਬਣਨਾ ਹੈ। ਅਖੀਰ ਵਿੱਚ ਕਾਲਜ ਦੇ ਸਹਾਇਕ ਪ੍ਰੋਫ.ੈਸਰ ਡਾ. ਜਗਜੀਤ ਸਿੰਘ ਨੇ ਮੁੱਖ ਮਹਿਮਾਨਾ ਦਾ ਧੰਨਵਾਦ ਕੀਤਾ ਅਤੇ ਰਾਸ.ਟਰੀ ਗੀਤ ਨਾਲ ਇਹ ਵਿਸ.ੇਸ. ਸਮਾਗਮ ਖ.ਤਮ ਕੀਤਾ ਗਿਆ।

# ਮਿਤੀ

# 21, 22 -07-2020

# GHG KHALSA COLLEGES

GURUSAR SADHAR, DISTT. LUDHIANA

Accredited by N.A.A.C. with 'A' Grade, Affiliated to Punjab University

## Certificate of Participation

This is to certify that

## Dr. Jagjit Singh

Assistant Professor, GHG Khalsa College od Education, Gurusar Sadhar, Ludhiana

has attended 2-days National Webinar on **"Guru Teg Bahadur : Jeevan Darshan"** organized by **GHG Khalsa Colleges, Gurusar Sadhar** held on **21-22 July, 2020**.

Organizer
Dr. Gurmeet Singh Hundal

Principal
GHG Khalsa College of Education

Principal
GHG Khalsa College

ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ
ਯੁਵਕ ਭਲਾਈ ਵਿਭਾਗ ਦੇ ਸਹਿਯੋਗ ਨਾਲ

ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜਿਜ਼ ਗੁਰੂਸਰ ਸਧਾਰ, ਲੁਧਿਆਣਾ ਦੇ ਪੰਜਾਬੀ ਵਿਭਾਗ ਵੱਲੋਂ
ਗੁਰੂ ਤੇਗ਼ ਬਹਾਦੁਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਨਲਾਈਨ ਕੁਇਜ਼



ਪੰਜਾਬੀ ਵਿਭਾਗ

ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ, ਲੁਧਿਆਣਾ

www.ghgcollegesadhar.org

ਉੱਚ ਸਿੱਖਿਆ ਵਿਭਾਗ (ਪੰਜਾਬ) ਦੀ ਸਰਪ੍ਰਸਤੀ ਹੇਠ

ਯੁਵਕ ਭਲਾਈ ਵਿਭਾਗ ਦੇ ਸਹਿਯੋਗ ਨਾਲ

ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜਿਜ਼ ਗੁਰੂਸਰ ਸਧਾਰ, ਲੁਧਿਆਣਾ ਦੇ ਪੰਜਾਬੀ ਵਿਭਾਗ ਵੱਲੋਂ

ਗੁਰੂ ਤੇਗ਼ ਬਹਾਦੁਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਨਲਾਈਨ ਕੁਇਜ਼

ਾਨਲਾਈਨ ਕੁਇਜ਼ ਲਈ ਨਿਯਮ

- ਆਨਲਾਈਨ ਕੁਇਜ਼ ਵਿੱਚ ਕਿਸੇ ਵੀ ਸਕੂਲ ਜਾਂ ਕਾਲਜ ਦਾ ਵਿਦਿਆਰਥੀ ਭਾਗ ਲੈ ਸਕਦਾ ਹੈ।
- ਇਸ ਮੁਕਾਬਲੇ ਲਈ ਕੋਈ ਫ਼ੀਸ ਨਹੀਂ ਹੋਵੇਗੀ।
- ਆਨਲਾਈਨ ਕੁਇਜ਼ ਲਈ ਮਿਤੀ 22-07-2020 ਤੋਂ ਪਹਿਲਾਂ ਰਜਿਸਟ੍ਰੇਸ਼ਨ ਕਰਵਾਉਣਾ ਲਾਜਮੀ ਹੈ। ਰਜਿਸਟ੍ਰੇਸ਼ਨ ਕਰਵਾਉਣ ਉਪਰੰਤ ਪ੍ਰਤੀਯੋਗੀ ਨੂੰ ਇੱਕ ਵੱਟਸਐਪ ਦਾ ਲਿੰਕ ਉਪਲਬਧ ਹੋਵੇਗਾ ਅਤੇ ਪ੍ਰਤੀਯੋਗੀ ਲਈ ਇਸ ਲਿੰਕ 'ਤੇ ਕਲਿੱਕ ਕਰ ਕੇ ਵੱਟਸਐਪ ਗਰੁੱਪ ਦਾ ਮੈਂਬਰ ਬਣਨਾ ਲਾਜਮੀ ਹੋਵੇਗਾ।
- ਰਜਿਸਟ੍ਰੇਸ਼ਨ ਕਰਵਾਉਣ ਲਈ ਲਿੰਕ https://tinyurl.com/y9beq6m8
- ਕੁਇਜ਼ ਵਿੱਚ ਸਾਰੇ ਸਵਾਲ ਸ਼੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨਾਲ਼ ਹੀ ਸੰਬੰਧਿਤ ਹੋਣਗੇ।
- ਵੱਟਸਐਪ ਗਰੁੱਪ 'ਤੇ ਆਨਲਾਈਨ ਕੁਇਜ਼ ਦਾ ਲਿੰਕ ਮਿਤੀ 22-07-2020 ਨੂੰ ਦੁਪਹਿਰ 12.00 ਵਜੇ ਖੁੱਲ੍ਹੇਗਾ ਅਤੇ 1.00 ਵਜੇ ਬੰਦ ਹੋ ਜਾਵੇਗਾ।
- ਸਾਰੇ ਪ੍ਰਤੀਯੋਗੀਆਂ ਨੂੰ ਈ-ਸਰਟੀਫ਼ਿਕੇਟ ਦਿੱਤੇ ਜਾਣਗੇ।
- ਇਸ ਪ੍ਰਤੀਯੋਗਤਾ ਦਾ ਨਤੀਜਾ ਮਿਤੀ 23-07-2020 ਨੂੰ ਐਲਾਨਿਆ ਜਾਵੇਗਾ ਅਤੇ ਕਾਲਜ ਦੀ ਵੈਬਸਾਈਟ http://www.ghgcollegesadhar.org 'ਤੇ ਦੇਖਿਆ ਜਾ ਸਕੇਗਾ।

ਡਾ. ਪਰਗਟ ਸਿੰਘ ਗਰਚਾ
ਪ੍ਰਿੰਸੀਪਲ, ਕਾਲਜ ਆਫ਼ ਐਜੂਕੇਸ਼ਨ

ਪ੍ਰੋ. ਜਸਵੰਤ ਸਿੰਘ
ਪ੍ਰਿੰਸੀਪਲ, ਡਿਗਰੀ ਕਾਲਜ

ਡਾ. ਜਗਜੀਤ ਸਿੰਘ
ਸਹਾਇਕ ਪ੍ਰੋਫ਼ੈਸਰ,
ਪੰਜਾਬੀ ਵਿਭਾਗ
ਮੋਬ. ਨੰਬਰ 9988003532


Dr. Sonia Ahuja
Dr Baljit Singh Virk
bohar singh
Mandeep kamboj
Harpreet kaur
Dr. Rachhpal Singh
Dr BALWI... PALSINGH
Dr.Gurme...gh Hundal
Dr. Sohan Singh
Dr Shelly Jaggi
Dr. SATVEER GILL
sukhdev singh sohal
Dr.Umrinderpal
Dr. Vaneet Dhir
GHG Khal...ar Sudhar
GHG Khal...ar Sudhar
Vishal Sharma
Dr Raman...aur Sidhu
Mandeep kamboj

Estd. 1955

# G.H.G. KHALSA COLLEGE OF EDUCATION

GURUSAR SADHAR, DISTT. LUDHIANA (PUNJAB) - 141104

Affiliated to Panjab University, Chandigarh Recognized by NCTE, NAAC (2nd Cycle) Accredited 'A' Grade (CGPA 3.30)

GHGE 56/9200

DATE 23-07-2020

To,
Dr. Daljit Singh
Incharge
Sri Guru Tegh Bahadur National Integration Chair
Associate Professor & Head
Deptt. of Punjab Historical Studies,
Punjabi University, Patiala

Respected Sir,

With great humility, we convey our gratitude to you for being the ***Resource Person*** for the **National Webinar on "Guru Tegh Bahadur Ji : Jeevan Darshan" from July 21 to July 22, 2020** organized by GHG Khalsa College of Education, Gurusar Sadhar.

Your contribution in the session on the Topic ***"Guru Teh Bahadur Ji da Jeevan ate Sandesh"*** **on July 22,** was appreciated by all the attendees across the globe. This session was streamed Live on Youtube and was attended by many viewers.

What educators can least do in these lockdown times is reach out to those in their homes with the knowledge of experts in various fields. You helped us do that by being our expert! We greatly appreciate your gesture of being with us and sharing your knowledge and skills with all the participants.

Thank you,

Warm regards,

Garcha 23.07.2020

Dr. Pargat Singh Garcha
Principal
GHG KHALSA COLLEGE OF EDUCATION
Gurusar Sadhar (Ludhiana)

(੨੫/੦੧/੨੦੨੦) ~~ਅੱਜ ਦੀ ਆਵਾਜ਼~~ ੨੫/੧/੨੦੨੦

# ਪ੍ਰਕਾਸ਼ ਪੁਰਬ ਨੂੰ ਸਮਰਪਤ ਆਨਲਾਈਨ ਸਮਾਗਮ

ਰਾਏਕੋਟ, 24 ਜੁਲਾਈ (ਜਸਵੰਤ ਸਿੰਘ ਸਿੱਧੂ) : ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜਿਜ਼ (ਡਿਗਰੀ ਕਾਲਜ ਤੇ ਕਾਲਜ ਆਫ਼ ਐਜੂਕੇਸ਼ਨ) ਗੁਰੂਸਰ ਸਧਾਰ (ਲੁਧਿਆਣਾ) ਵਲੋਂ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਅਕਾਦਮਿਕ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਰਾਸ਼ਟਰੀ ਵੈਬੀਨਾਰ ਸਮੇਤ ਆਨ-ਲਾਈਨ ਗੁਰਬਾਣੀ ਗਾਇਣ ਪ੍ਰਤੀਯੋਗਤਾ ਅਤੇ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ। ਵੈਬੀਨਾਰ ਦੇ ਪਹਿਲੇ ਦਿਨ ਦੀ ਆਰੰਭਤਾ ਕਾਲਜ ਦੇ ਸੰਗੀਤ ਵਿਭਾਗ ਦੀ ਵਿਦਿਆਰਥਣ ਮਨਪ੍ਰੀਤ ਕੌਰ ਵਲੋਂ ਸਰਵਣ ਕਰਵਾਏ ਸ਼ਬਦ ਨਾਲ ਹੋਈ। ਕਾਲਜ ਪ੍ਰਿੰਸੀਪਲ ਪ੍ਰੋ. ਜਸਵੰਤ ਸਿੰਘ ਗੋਰਾਇਆ ਨੇ ਸਾਰਿਆਂ ਨੂੰ 'ਜੀ ਆਇਆਂ' ਆਖਿਆ। ਵੈਬੀਨਾਰ ਕੋਆਰਡੀਨੇਟਰ ਡਾ. ਗੁਰਮੀਤ ਸਿੰਘ ਹੁੰਦਲ ਨੇ ਵੈਬੀਨਾਰ ਅਤੇ ਰਿਸੋਰਸ ਪਰਸਨ ਨਾਲ ਜਾਣ-ਪਛਾਣ ਕਰਵਾਈ।

ਡਾ. ਬਲਵਿੰਦਰ ਪਾਲ ਸਿੰਘ ਨੇ ਬਤੌਰ ਰਿਸੋਰਸ ਪਰਸਨ ਆਪਣੇ ਸੰਬੋਧਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਦਰਸ਼ਨ ਸਬੰਧੀ ਚਾਨਣਾ ਪਾਇਆ। ਡਾ. ਸਨੀਆ ਅਹੂਜਾ, ਮੁਖੀ ਸੰਗੀਤ ਵਿਭਾਗ ਨੇ ਸ਼ਬਦ ਗਾਇਣ ਪ੍ਰਤੀਯੋਗਤਾ ਦਾ ਨਤੀਜਾ ਐਲਾਨਿਆ ਜਿਸ ਵਿਚ ਮਾਸਟਰ ਤਾਰਾ ਸਿੰਘ ਕਾਲਜ, ਲੁਧਿਆਣਾ ਦੀ ਵਿਦਿਆਰਥਣ ਪ੍ਰਦੀਪ ਕੌਰ ਨੂੰ ਪਹਿਲਾ, ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ ਦੀ ਪੁਨੀਤ ਕੌਰ ਨੂੰ ਦੂਜਾ ਅਤੇ ਆਰੀਆ ਕਾਲਜ, ਲੁਧਿਆਣਾ ਦੇ ਤਨਵੀਰ ਸਿੰਘ ਤੇ ਡੀ.ਡੀ. ਜੈਨ ਮੈਮੋਰੀਅਲ ਕਾਲਜ, ਲੁਧਿਆਣਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੂੰ ਤੀਜਾ ਸਥਾਨ ਪ੍ਰਾਪਤ ਹੋਇਆ। ਪਹਿਲੇ ਦਿਨ ਦੇ ਵੈਬੀਨਾਰ ਦਾ ਸੰਚਾਲਨ ਡਾ. ਸੋਹਨ ਸਿੰਘ ਵਲੋਂ ਬਾਖੂਬੀ ਕੀਤਾ ਗਿਆ। ਅੰਤ ਵਿਚ ਡਾ. ਬਲਜੀਤ ਸਿੰਘ ਵਿਰਕ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਦੂਜੇ ਦਿਨ ਦੀ ਆਰੰਭਤਾ ਡਾ. ਜਗਜੀਤ ਸਿੰਘ ਵਲੋਂ ਗਾਇਣ ਕੀਤੇ ਸ਼ਬਦ ਨਾਲ ਹੋਈ। ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਰਿਸੋਰਸ ਪਰਸਨ ਡਾ. ਦਲਜੀਤ ਸਿੰਘ, ਚੇਅਰਮੈਨ, ਸ੍ਰੀ ਗੁਰੂ ਤੇਗ ਬਹਾਦਰ ਨੈਸ਼ਨਲ ਇੰਟੈਗਰੇਸ਼ਨ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਮੇਤ ਭਾਗ ਲੈਣ ਵਾਲੇ ਸਮੂਹ ਸਹਿਭਾਗੀਆਂ ਨੂੰ 'ਜੀ ਆਇਆਂ' ਆਖਿਆ। ਡਾ. ਦਲਜੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਉਹਨਾਂ ਦੀ ਸ਼ਹਾਦਤ ਨੂੰ ਲਾਸਾਨੀ ਦਰਸਾਇਆ।

ਆਨਲਾਈਨ ਕੁਇਜ਼ ਮੁਕਾਬਲੇ ਵਿਚ ਹਰਮਨਪ੍ਰੀਤ ਸਿੰਘ ਅਤੇ ਅਨਮੋਲਦੀਪ ਕੌਰ ਨੇ 96 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ। ਇਸ ਸਮੁੱਚੇ ਸਮਾਗਮ ਦੌਰਾਨ ਪ੍ਰੋ. ਤਰਸੇਮ ਸਿੰਘ ਤੇ ਪ੍ਰੋ. ਬੇਹੜ ਸਿੰਘ ਵਲੋਂ ਤਕਨੀਕੀ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ। ਪ੍ਰੋ. ਰੁਪਿੰਦਰਜੀਤ ਕੌਰ ਨੇ ਅੰਤ ਵਿਚ ਸਾਰਿਆਂ ਦਾ ਧੰਨਵਾਦ ਕੀਤਾ।

ਅਜੀਤ (੨੮/੦੧/੨੦੨੦)

# ਪ੍ਰੋਗਰਾਮ ਬਾਰੇ ਵਿਸਤ੍ਰਿਤ ਜਾਣਕਾਰੀ

ਖ਼ਾਲਸਾ ਕਾਲਜ਼ਿਜ਼, ਸੁਧਾਰ ਵਲੋਂ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ

21-22 ਜੁਲਾਈ 2020

ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ਼ਿਜ਼ (ਡਿਗਰੀ ਕਾਲਜ ਤੇ ਕਾਲਜ ਆਫ਼ ਐਜੂਕੇਸ਼ਨ) ਗੁਰੂਸਰ ਸਧਾਰ (ਲੁਧਿਆਣਾ) ਵਲੋਂ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਅਕਾਦਮਿਕ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਰਾਸ਼ਟਰੀ ਵੈਬੀਨਾਰ ਸਮੇਤ ਆਨ-ਲਾਈਨ ਗੁਰਬਾਣੀ ਗਾਇਣ ਪ੍ਰਤੀਯੋਗਤਾ ਅਤੇ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ। ਵੈਬੀਨਾਰ ਦੇ ਪਹਿਲੇ ਦਿਨ ਦੀ ਆਰੰਭਤਾ ਕਾਲਜ ਦੇ ਸੰਗੀਤ ਵਿਭਾਗ ਦੀ ਵਿਦਿਆਰਥਣ ਮਨਪ੍ਰੀਤ ਕੌਰ ਵਲੋਂ ਸਰਵਣ ਕਰਵਾਏ ਸ਼ਬਦ ਨਾਲ ਹੋਈ। ਕਾਲਜ ਪ੍ਰਿੰਸੀਪਲ ਪ੍ਰੋ. ਜਸਵੰਤ ਸਿੰਘ ਗੋਰਾਇਆ ਨੇ ਸਾਰਿਆਂ ਨੂੰ 'ਜੀ ਆਇਆ' ਆਖਿਆ। ਵੈਬੀਨਾਰ ਕੋਆਰਡੀਨੇਟਰ ਡਾ. ਗੁਰਮੀਤ ਸਿੰਘ ਹੁੰਦਲ ਨੇ ਵੈਬੀਨਾਰ ਅਤੇ ਰਿਸੋਰਸ ਪਰਸਨ ਨਾਲ ਜਾਣ-ਪਛਾਣ ਕਰਵਾਈ। ਡਾ. ਬਲਵਿੰਦਰ ਪਾਲ ਸਿੰਘ ਨੇ ਬਤੌਰ ਰਿਸੋਰਸ ਪਰਸਨ ਆਪਣੇ ਸੰਬੋਧਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਦਰਸ਼ਨ ਸਬੰਧੀ ਚਾਨਣਾ ਪਾਇਆ। ਡਾ. ਸੋਨੀਆ

ਅਹੂਜਾ, ਮੁਖੀ ਸੰਗੀਤ ਵਿਭਾਗ ਨੇ ਸ਼ਬਦ ਗਾਇਣ ਪ੍ਰਤੀਯੋਗਤਾ ਦਾ ਨਤੀਜਾ ਐਲਾਨਿਆ ਜਿਸ ਵਿਚ ਮਾਸਟਰ ਤਾਰਾ ਸਿੰਘ ਕਾਲਜ, ਲੁਧਿਆਣਾ ਦੀ ਵਿਦਿਆਰਥਣ ਪ੍ਰਦੀਪ ਕੌਰ ਨੂੰ ਪਹਿਲਾ, ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ ਦੀ ਪ੍ਰਨੀਤ ਕੌਰ ਨੂੰ ਦੂਜਾ ਅਤੇ ਆਰੀਆ ਕਾਲਜ, ਲੁਧਿਆਣਾ ਦੇ ਤਨਵੀਰ ਸਿੰਘ ਤੇ ਡੀ.ਡੀ. ਜੈਨ ਮੈਮੋਰੀਅਲ ਕਾਲਜ, ਲੁਧਿਆਣਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੂੰ ਤੀਜਾ ਸਥਾਨ ਪ੍ਰਾਪਤ ਹੋਇਆ। ਪਹਿਲੇ ਦਿਨ ਦੇ ਵੈਬੀਨਾਰ ਦਾ ਸੰਚਾਲਨ ਡਾ. ਸੋਹਨ ਸਿੰਘ ਵਲੋਂ ਬਾਖ਼ੂਬੀ ਕੀਤਾ ਗਿਆ। ਅੰਤ ਵਿਚ ਡਾ. ਬਲਜੀਤ ਸਿੰਘ ਵਿਰਕ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਦੂਜੇ ਦਿਨ ਦੀ ਆਰੰਭਤਾ ਡਾ. ਜਗਜੀਤ ਸਿੰਘ ਵਲੋਂ ਗਾਇਣ ਕੀਤੇ ਸ਼ਬਦ ਨਾਲ ਹੋਈ। ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਰਿਸੋਰਸ ਪਰਸਨ ਡਾ. ਦਲਜੀਤ ਸਿੰਘ, ਚੇਅਰਮੈਨ, ਸ੍ਰੀ ਗੁਰੂ ਤੇਗ ਬਹਾਦਰ ਨੈਸ਼ਨਲ ਇੰਟੈਗਰੇਸ਼ਨ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਮੇਤ ਭਾਗ ਲੈਣ ਵਾਲੇ ਸਮੂਹ ਸਹਿਭਾਗੀਆਂ ਨੂੰ 'ਜੀ ਆਇਆ' ਆਖਿਆ। ਡਾ. ਦਲਜੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਉਹਨਾ ਦੀ ਸ਼ਹਾਦਤ ਨੂੰ ਲਸਾਨੀ ਦਰਸਾਇਆ। ਆਨਲਾਈਨ ਕੁਇਜ਼ ਮੁਕਾਬਲੇ ਵਿਚ ਹਰਮਨਪੀ੍ਰਤ ਸਿੰਘ ਅਤੇ ਅਨਮੋਲਦੀਪ ਕੌਰ ਨੇ 96 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ। ਇਸ ਸਮੁੱਚੇ ਸਮਾਗਮ ਦੌਰਾਨ ਪ੍ਰੋ. ਤਰਸੇਮ ਸਿੰਘ ਤੇ ਪ੍ਰੋ. ਬੋਹੜ ਸਿੰਘ ਵਲੋਂ ਤਕਨੀਕੀ ਸੇਵਾਵਾਂ ਮੁਹੱਈਆਂ ਕਰਵਾਈਆਂ ਗਈਆਂ। ਪ੍ਰੋ. ਰੁਪਿੰਦਰਜੀਤ ਕੌਰ ਨੇ ਅੰਤ ਵਿਚ ਸਾਰਿਆਂ ਦਾ ਧੰਨਵਾਦ ਕੀਤਾ।

**List of Events / Activities for the Month of July and August, related to celebrations of 400th Birth Anniversary of Sri Guru Tegh Bahadar Ji by :**
**GHG KHALSA COLLEGES, GURUSAR SADHAR, LUDHIANA**
**(DEGREE COLLEGE AND COLLEGE OF EDUCATION)**

| Sr. No. | Name of the Nodal Department | Venue | Name of the Event / Activity | Date and Time | Mode (Viz. Webinar, Zoom) via event is to be performed | Online link for General Public | Remarks |
|---|---|---|---|---|---|---|---|
| 1 | P.G. Department of Punjabi and History | GHG Khalsa College, Gurusar Sadhar | Webinar | 21.07.2020 11:00 am to 12:00 noon | Zoom | To be created | - |
| 2 | Department of Music | GHG Khalsa College, Gurusar Sadhar | Solo Shabad Gyan Competition | 21.07.2020 12:00 noon to 1:00 pm | Zoom | To be created | - |
| 3 | Department of Punjabi | GHG Khalsa College of Education. Gurusar Sadhar | Webinar | 22.07.2020 11:00 am to 12:00 noon | Zoom | To be created | - |
| 4 | Department of Punjabi | GHG Khalsa College of Education. Gurusar Sadhar | Online Quiz Competition | 22..07.2020 12:00 noon to 1:00 pm | Zoom | To be created | - |

# ਪ੍ਰਕਾਸ਼ ਪੁਰਬ ਨੂੰ ਸਮਰਪਤ ਆਨਲਾਈਨ ਸਮਾਗਮ

ਰਾਏਕੋਟ, 24 ਜੁਲਾਈ (ਜਸਵੰਤ ਸਿੰਘ ਸਿੱਧੂ) : ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜਿਜ਼ (ਡਿਗਰੀ ਕਾਲਜ ਤੇ ਕਾਲਜ ਆਫ਼ ਐਜੂਕੇਸ਼ਨ) ਗੁਰੂਸਰ ਸਧਾਰ (ਲੁਧਿਆਣਾ) ਵਲੋਂ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਅਕਾਦਮਿਕ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿਚ ਰਾਸ਼ਟਰੀ ਵੈਬੀਨਾਰ ਸਮੇਤ ਆਨ-ਲਾਈਨ ਗੁਰਬਾਣੀ ਗਾਇਣ ਪ੍ਰਤੀਯੋਗਤਾ ਅਤੇ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ। ਵੈਬੀਨਾਰ ਦੇ ਪਹਿਲੇ ਦਿਨ ਦੀ ਆਰੰਭਤਾ ਕਾਲਜ ਦੇ ਸੰਗੀਤ ਵਿਭਾਗ ਦੀ ਵਿਦਿਆਰਥਣ ਮਨਪ੍ਰੀਤ ਕੌਰ ਵਲੋਂ ਸਰਵਣ ਕਰਵਾਏ ਸ਼ਬਦ ਨਾਲ ਹੋਈ। ਕਾਲਜ ਪ੍ਰਿੰਸੀਪਲ ਪ੍ਰੋ. ਜਸਵੰਤ ਸਿੰਘ ਗੋਰਾਇਆ ਨੇ ਸਾਰਿਆਂ ਨੂੰ 'ਜੀ ਆਇਆ' ਆਖਿਆ। ਵੈਬੀਨਾਰ ਕੋਆਰਡੀਨੇਟਰ ਡਾ. ਗੁਰਮੀਤ ਸਿੰਘ ਹੁੰਦਲ ਨੇ ਵੈਬੀਨਾਰ ਅਤੇ ਰਿਸੋਰਸ ਪਰਸਨ ਨਾਲ ਜਾਣ-ਪਛਾਣ ਕਰਵਾਈ।

ਡਾ. ਬਲਵਿੰਦਰ ਪਾਲ ਸਿੰਘ ਨੇ ਬਤੌਰ ਰਿਸੋਰਸ ਪਰਸਨ ਆਪਣੇ ਸੰਬੋਧਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਦਰਸ਼ਨ ਸਬੰਧੀ ਚਾਨਣਾ ਪਾਇਆ। ਡਾ. ਸੋਨੀਆ ਅਹੂਜਾ, ਮੁਖੀ ਸੰਗੀਤ ਵਿਭਾਗ ਨੇ ਸ਼ਬਦ ਗਾਇਣ ਪ੍ਰਤੀਯੋਗਤਾ ਦਾ ਨਤੀਜਾ ਐਲਾਨਿਆ ਜਿਸ ਵਿਚ ਮਾਸਟਰ ਤਾਰਾ ਸਿੰਘ ਕਾਲਜ, ਲੁਧਿਆਣਾ ਦੀ ਵਿਦਿਆਰਥਣ ਪ੍ਰਦੀਪ ਕੌਰ ਨੂੰ ਪਹਿਲਾ, ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ ਦੀ ਪ੍ਰਨੀਤ ਕੌਰ ਨੂੰ ਦੂਜਾ ਅਤੇ ਆਰੀਆ ਕਾਲਜ, ਲੁਧਿਆਣਾ ਦੇ ਤਨਵੀਰ ਸਿੰਘ ਤੇ ਡੀ.ਡੀ. ਜੈਨ ਮੈਮੋਰੀਅਲ ਕਾਲਜ, ਲੁਧਿਆਣਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੂੰ ਤੀਜਾ ਸਥਾਨ ਪ੍ਰਾਪਤ ਹੋਇਆ। ਪਹਿਲੇ ਦਿਨ ਦੇ ਵੈਬੀਨਾਰ ਦਾ ਸੰਚਾਲਨ ਡਾ. ਸੋਹਨ ਸਿੰਘ ਵਲੋਂ ਬਾਖੂਬੀ ਕੀਤਾ ਗਿਆ। ਅੰਤ ਵਿਚ ਡਾ. ਬਲਜੀਤ ਸਿੰਘ ਵਿਰਕ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਦੂਜੇ ਦਿਨ ਦੀ ਆਰੰਭਤਾ ਡਾ. ਜਗਜੀਤ ਸਿੰਘ ਵਲੋਂ ਗਾਇਣ ਕੀਤੇ ਸ਼ਬਦ ਨਾਲ ਹੋਈ। ਪ੍ਰਿੰਸੀਪਲ ਡਾ. ਪਰਗਟ ਸਿੰਘ ਗਰਚਾ ਨੇ ਰਿਸੋਰਸ ਪਰਸਨ ਡਾ. ਦਲਜੀਤ ਸਿੰਘ, ਚੇਅਰਮੈਨ, ਸ੍ਰੀ ਗੁਰੂ ਤੇਗ ਬਹਾਦਰ ਨੈਸ਼ਨਲ ਇੰਟੈਗਰੇਸ਼ਨ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਮੇਤ ਭਾਗ ਲੈਣ ਵਾਲੇ ਸਮੂਹ ਸਹਿਭਾਗੀਆਂ ਨੂੰ 'ਜੀ ਆਇਆ' ਆਖਿਆ। ਡਾ. ਦਲਜੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਇਤਿਹਾਸ ਤੇ ਚਾਨਣਾ ਪਾਉਂਦਿਆਂ ਉਹਨਾ ਦੀ ਸ਼ਹਾਦਤ ਨੂੰ ਲਸਾਨੀ ਦਰਸਾਇਆ।

ਆਨਲਾਈਨ ਕੁਇਜ਼ ਮੁਕਾਬਲੇ ਵਿਚ ਹਰਮਨਪ੍ਰੀਤ ਸਿੰਘ ਅਤੇ ਅਨਮੋਲਦੀਪ ਕੌਰ ਨੇ 96 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ। ਇਸ ਸਮੁੱਚੇ ਸਮਾਗਮ ਦੌਰਾਨ ਪ੍ਰੋ. ਤਰਸੇਮ ਸਿੰਘ ਤੇ ਪ੍ਰੋ. ਬੋਹੜ ਸਿੰਘ ਵਲੋਂ ਤਕਨੀਕੀ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ। ਪ੍ਰੋ. ਰੁਪਿੰਦਰਜੀਤ ਕੌਰ ਨੇ ਅੰਤ ਵਿਚ ਸਾਰਿਆਂ ਦਾ ਧੰਨਵਾਦ ਕੀਤਾ।

# 2018-19 ਦੌਰਾਨ ਸਾਂਝੇ ਤੌਰ 'ਤੇ (ਕਿਸੇ ਵਿਭਾਗ ਨਾਲ ਮਿਲ ਕੇ)

# ਜਾਂ ਇਕਹਰੇ ਪੱਧਰ 'ਤੇ

# ਪੰਜਾਬੀ ਸਾਹਿਤ ਸਭਾ,

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ

# ਕਰਵਾਈਆਂ ਗਤੀਵਿਧੀਆਂ

# ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ -

**ਡਾ. ਜਗਜੀਤ ਸਿੰਘ ਅਤੇ ਪ੍ਰੋ. ਰੁਪਿੰਦਰਜੀਤ ਕੌਰ**

**ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ - ਡਾ. ਜਗਜੀਤ ਸਿੰਘ**

**ਪੰਜਾਬੀ ਸਾਹਿਤ ਸਭਾ ਦੇ ਹੋਰ ਮੈਂਬਰ-**

| | |
|---|---|
| **ਸਰਪ੍ਰਸਤ** | **ਡਾ. ਜਗਜੀਤ ਸਿੰਘ** |
| **ਪ੍ਰਧਾਨ** | **ਅੱਛਰਦੀਪ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 268** |
| **ਮੀਤ ਪ੍ਰਧਾਨ** | **ਅੰਮ੍ਰਿਤਪਾਲ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 213** |

ਜਰਨਲ ਸਕੱਤਰ ਗੁਰਪ੍ਰੀਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 224

ਪ੍ਰੈੱਸ ਸਕੱਤਰ ਗੁਰਪ੍ਰੀਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 257

ਮੈਂਬਰ ਪੰਜਾਬੀ ਅਧਿਆਪਨ ਪੜ੍ਹਨ ਵਾਲੇ ਸਾਰੇ ਵਿਦਿਆਰਥੀ

# ਪੰਜਾਬੀ ਸਾਹਿਤ ਸਭਾ ਦੇ ਉਦੇਸ਼

1) ਪੰਜਾਬੀ ਸਾਹਿਤ ਸਭਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਵੱਧ ਤੋਂ ਵੱਧ ਵਿਕਾਸ ਕਰਨ ਲਈ ਪੰਜਾਬੀ ਵਿੱਚ ਸਾਹਿਤ ਰੁਚੀ ਵਿੱਚ ਰੱਖਣ ਵਾਲੇ ਸਕੂਲੀ ਅਤੇ ਕਾਲਜ ਦੇ ਵਿਦਿਆਰਥੀ, ਪੰਜਾਬੀ ਸਾਹਿਤ ਦੇ ਭਵਿੱਖ ਨਿਰਮਾਤਾ ਅਤੇ ਨਵੇਂ ਪੁੰਗਰ ਰਹੇ ਲੇਖਕਾਂ ਨੂੰ ਸਾਹਿਤ ਦੀ ਹਰ ਵਿਧਾ ਬਾਰੇ ਯੋਗ ਤੇ ਸਾਰਥਕ ਸੇਧ ਦੇਣੀ ਹੈ।
2) ਵਿਦਿਆਰਥੀਆਂ ਦੀ ਹੱਥ ਲਿਖਤ ਨੂੰ ਸੁਲੇਖ ਮੁਕਾਬਲੇ ਦੁਆਰਾ ਨਿਖਾਰਨਾ।
3) ਵਿਦਿਆਰਥੀਆਂ ਦੀਆਂ ਸਾਹਿਤਿਕ ਉਪਲੱਬਧੀਆਂ 'ਤੇ ਕਿਤਾਬਾਂ ਆਦਿ ਇਨਾਮ ਦੇ ਤੌਰ 'ਤੇ ਦੇਣੀਆਂ।
4) ਵੱਖ ਵੱਖ ਕਾਲਜ ਅਤੇ ਯੂਨੀਵਰਸਿਟੀਆਂ ਤੋਂ ਆਪਣੇ ਵਿਸ਼ੇ ਦੇ ਮਾਹਰ (ਜਿਵੇਂ ਪੰਜਾਬੀ ਭਾਸ਼ਾ, ਧਰਮ ਆਦਿ ) ਤੋਂ ਵਿਸ਼ੇਸ਼ ਲੈਕਚਰ ਕਰਵਾਉਣੇ।

| ਲੜੀ ਨੰਬਰ | ਮਿਤੀ | ਗਤੀਵਿਧੀਆਂ |
|---|---|---|
| 1 | 15-09-2018 | ਪ੍ਰਤਿਭਾ ਖੋਜ ਮੁਕਾਬਲਾ ਕਰਵਾਇਆ |
| 2 | 02-10-2018 | ਮਹਾਤਮਾ ਗਾਂਧੀ ਜੀ ਦੇ 150ਵੇਂ ਜਨਮ ਦਿਵਸ ਤੇ ਵਿਸ਼ੇਸ਼ ਸਵੇਰ ਸਭਾ, ਭਜਨ ਬੰਦਗੀ ਅਤੇ ਸਫਾਈ ਮੁਹਿੰਮ ਚਲਾਈ |
| 3 | 27-03-2019 | ਜਲ੍ਹਿਆਂ ਵਾਲੇ ਬਾਗ਼ ਦਾ ਸੌਵਾਂ ਸਾਕਾ ਮਨਾਇਆ |

ਮਿਤੀ

15-09-2018

ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ

# ਪ੍ਰਤਿਭਾ ਖੋਜ ਮੁਕਾਬਲਾ ਕਰਵਾਇਆ ਗਿਆ

**15-09-2018**

ਜੀ. ਐੱਚ. ਜੀ. ਖਾਲਸਾ ਕਾਲਜ ਆਫ. ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ ਸੈਸ਼ਨ 2018-19 ਦਾ ਆਗ਼ਾਜ ਜੁਲਾਈ 2018 ਵਿੱਚ ਹੋ ਗਿਆ ਸੀ। ਕਾਲਜ ਵਿੱਚ ਆਏ ਨਵੇਂ ਵਿਦਿਆਰਥੀਆਂ ਅੰਦਰ ਲੁਕੇ ਹੋਏ ਜੌਹਰਾਂ ਨੂੰ ਬਾਹਰ ਕੱਢਣ ਲਈ ਇੱਕ ਪ੍ਰਤਿਭਾ ਖੋਜ ਮੁਕਾਬਲਾ ਕਰਵਾਇਆ ਗਿਆ। ਇਸ ਪ੍ਰਤਿਭਾ ਖੋਜ ਮੁਕਾਬਲੇ ਦੀ ਸ਼ੁਰੂਆਤ ਕਾਲਜ ਸ਼ਬਦ ੋਦੇਹ ਸ਼ਿਵਾ ਵਰ ਮੋਹਿ ਇਹੈ ...........ਤੋਂ ਕੀਤੀ ਗਈ। ਇਸ ਮਗਰੋ੧ ਕਾਲਜ ਦੀਆਂ ਵਿਦਿਆਰਥਣਾਂ ਬਲਜਿੰਦਰ ਕੌਰ ਅਤੇ ਮਨਪ੍ਰੀਤ ਕੌਰ ਨੇ ਮੰਚ ਦਾ ਸੰਚਾਲਨ ਕੀਤਾ। ਕਾਲਜ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਸ਼ਬਦ ਗਾਇਨ, ਗੀਤ-ਸੰਗੀਤ, ਕਵਿਸ਼ਰੀ, ਸਕਿੱਟ, ਭਾਸ਼ਣ ਕਲਾ, ਗਿੱਧਾ, ਭੰਗੜਾ, ਮਲਵਈ ਗਿੱਧਾ ਆਦਿ ਅਲੱਗ-ਅਲੱਗ ਖੇਤਰਾਂ ਵਿੱਚ ਆਪਣੇ ਜੌਹਰ ਦਿਖਾਏ। ਇਨ੍ਹਾਂ ਮੁਕਾਬਲਿਆਂ ਦੀ ਜੱਜਮੈਂਟ ਕਾਲਜ ਦੇ ਸਹਾਇਕ ਪ੍ਰੋਫ਼ੈਸਰ, ਡਾ. ਜਸਲੀਨ ਕੌਰ, ਪ੍ਰੋ. ਰੁਪਿੰਦਰਜੀਤ ਕੌਰ, ਡਾ. ਜਗਜੀਤ ਸਿੰਘ ਅਤੇ ਪ੍ਰੋ. ਗੁਰਮੀਤ ਸਿੰਘ ਹਠੂਰ ਨੇ ਕੀਤੀ। ਮੁਕਾਬਲੇ ਦੇ ਅਖੀਰ ਵਿੱਚ ਕਾਲਜ ਦੇ ਪ੍ਰਿੰਸੀਪਲ  ਡਾ. ਸਰਬਜੀਤ ਕੌਰ ਰਾਣੂ ਨੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਕਿਹਾ ਕਿ ਅੱਜ ਬਹੁਤ ਸਾਰੇ ਅਜਿਹੇ ਵਿਦਿਆਰਥੀ ਮੰਚ ੋਤੇ ਦਿਖਾਈ ਦਿੱਤੇ ਹਨ, ਜਿਨ੍ਹਾਂ ਨੇ ਅੱਜ ਤੋਂ ਪਹਿਲਾਂ ਕਦੇ ਵੀ ਮੰਚ ’ਤੇ ਕੁਝ ਵੀ ਨਹੀਂ ਸੀ ਬੋਲਿਆ। ਇਸ ਲਈ ਜ਼ਰੂਰਤ ਹੈ ਕਿ ਅਸੀਂ ਆਪਣੇ ਅੰਦਰ ਛੁਪੀਆਂ ਖ਼ੂਬੀਆਂ ਨੂੰ ਪਛਾਈਏ ਅਤੇ ਸਮਾਜ ਵਿੱਚ ਉਨ੍ਹਾਂ ਨੂੰ ਬਿਖੇਰੀਏ। ਪ੍ਰਿੰਸੀਪਲ ਡਾ. ਰਾਣੂ ਜੀ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਕਿ ਸਾਰਿਆਂ ਨੇ ਬਹੁਤ ਘੱਟ ਸਮੇਂ ਵਿੱਚ ਇਸ ਪ੍ਰਤੀਯੋਗਤਾ ਦੀ ਤਿਆਰੀ ਕੀਤੀ ਅਤੇ ਕਾਲਜ ਦੇ ਹਰ ਵਿਦਿਆਰਥੀ ਅਤੇ ਸਟਾਫ਼ ਨੇ ਆਪਣਾ ਅਹਿਮ ਰੋਲ ਨਿਭਾਇਆ।

ਅੰਤ ਵਿੱਚ ਰਾਸ਼ਟਰੀ ਗੀਤ ਦੀ ਧੁਨੀ ਨਾਲ ਪ੍ਰੋਗਰਾਮ ਸੰਪੰਨ ਕੀਤਾ ਗਿਆ।

# ਮਿਤੀ

# 02-10-2-18

**ਜੀ. ਐੱਚ. ਜੀ. ਖਾਲਸਾ ਕਾਲਜ ਆਫ ਐਜੂਕੇਸ਼ਨ ਵਿਖੇ**

**ਮਹਾਤਮਾ ਗਾਂਧੀ ਜੀ ਦੇ 150ਵੇਂ ਜਨਮ ਦਿਵਸ ਤੇ ਵਿਸ਼ੇਸ਼ ਸਵੇਰ ਸਭਾ, ਭਜਨ ਬੰਦਗੀ ਅਤੇ ਸਫਾਈ ਮੁਹਿੰਮ ਚਲਾਈ ਗਈ**

**02।10।2018**

ਜੀ. ਐੱਚ. ਜੀ. ਖਾਲਸਾ ਕਾਲਜ ਆਫ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ ਰਾਸ਼ਟਰੀ ਪਿਤਾ ਮਹਾਤਮਾ ਗਾਂਧੀ ਜੀ ਦੇ 150ਵੇਂ ਜਨਮ ਦਿਵਸ ਤੇ ਵਿਸ਼ੇਸ਼ ਸਵੇਰ ਸਭਾ, ਭਜਨ ਬੰਦਗੀ ਅਤੇ ਸਫ਼ਾਈ ਮੁਹਿੰਮ ਚਲਾਈ ਗਈ।

ਸਵੇਰ ਦੇ ਸੈਸ਼ਨ ਵਿੱਚ ਕਾਲਜ ਕੈਂਪਸ ਵਿੱਚ ਇੱਕ ਸਫ਼ਾਈ ਮੁਹਿੰਮ ਚਲਾਈ ਗਈ, ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਖੇਡ-ਮੈਦਾਨ, ਕਾਲਜ ਦੇ ਮੁਖ ਦਫ਼ਤਰ, ਸਿੱਖਿਆ ਤਕਨੀਕੀ ਲੈਬ, ਮਨੋਵਿਗਿਆਨ ਲੈਬ, ਕੰਪਿਊਟਰ ਲੈਬ, ਰਿਸਰਚ ਸੈੱਲ, ਜਮਾਤ ਦੇ ਸਧਾਰਨ ਕਮਰਿਆਂ, ਲਰਨਿੰਗ ਗੈਲਰੀ, ਸਾਇੰਸ ਲੈਬ, ਮੈਥ ਲੈਬ, ਲੈਬਾਰਟਰੀਆਂ, ਲਾਇਬਰੇਰੀ, ਮਲਟੀਪਰਪਜ਼ ਹਾਲ ਆਦਿ ਦੀ ਤਹਿ ਦਿਲੋਂ ਸਫ਼ਾਈ ਕੀਤੀ। ਇਹ ਸਫ਼ਾਈ ਮੁਹਿੰਮ ਸਵੇਰ ਤੋਂ ਸ਼ਾਮ ਤੱਕ ਚਲਦੀ ਰਹੀ।

ਸ਼ਾਮ ਦੇ ਸੈਸ਼ਨ ਵਿੱਚ ਭਜਨ ਬੰਦਗੀ ਦਾ ਵਿਸ਼ੇਸ਼ ਪ੍ਰਾਰਥਨਾ-ਸਮਾਰੋਹ ਕੀਤਾ ਗਿਆ। ਇਸ ਮੁਹਿੰਮ ਵਿੱਚ ਵੀ ਕਾਲਜ ਦੇ ਵਿਦਿਆਰਕਥੀਆਂ ਅਤੇ ਸਟਾਫ਼ ਵਲੋ੧ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਭਜਨ ਬੰਦਗੀ ਸਮਾਰੋਹ ਵਿੱਚ ਮੁੱਖ ਤੌਰ ਤੇ ਮੰਚ ਦਾ ਸੰਚਾਲਨ ਐੱਮ. ਐੱਡ. ਦੀ ਵਿਦਿਆਰਥਣ ਹਰਦੀਪ ਕੌਰ ਨੇ ਕੀਤਾ। ਬੀ.ਐੱਡ. ਦੀ ਵਿਦਿਆਰਥਣ ਮਿਸ਼ਾ ਨੇ ਗਾਂਧੀ ਜੀ ਦੇ ਜੀਵਨ ਬਾਰੇ ਅਤੇ ਉਨ੍ਹਾਂ ਦੁਆਰਾ ਦਿੱਤੀਆਂ ਸਿੱਖਿਆਵਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮਗਰੋ੧ ਵਿਦਿਆਰਥੀਆਂ ਦੇ ਵੱਖ-ਵੱਖ ਸਮੂਹਾਂ ਵਲੋ੧ ਵੈਸ਼ਣਵ ਜਨ ਤੋ ਤੇਨੇ ਕਹੀਏ ਜੇ, ਪੀੜ ਪਰਾਈ ਜਾਣੇ ਰੇ, ਸਾਬਰਮਤੀ ਕੇ ਸੰਤ ਤੂਨੇ ਕਰ ਦਿਆ ਕਮਾਲ ਅਤੇ ਰਘੂਪਤੀ ਰਾਘਵ ਰਾਧਾ ਰਾਮ, ਪਤੀਤ ਪਾਵਨ ਸੀਤਾ ਰਾਮ ਵਰਗੇ ਗੀਤੇਭਜਨ ਪੇਸ਼ ਕੀਤੇ ਗਏ।

ਅਖੀਰ ਵਿੱਚ ਰਾਸ਼ਟਰੀ ਗੀਤ ਦੀ ਧੁਨੀ ਨਾਲ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ 150ਵੇਂ ਜਨਮ ਦਿਵਸ ਤੇ ਵਿਸ਼ੇਸ਼ ਭਜਨ ਬੰਦਗੀ ਅਤੇ ਸਫਾਈ ਮੁਹਿੰਮ ਦਾ ਪ੍ਰੋਗਰਾਮ ਸੰਪੰਨ ਕੀਤਾ ਗਿਆ।

ਮਿਤੀ

21-02-2019

## ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸੁਧਾਰ ਵਿਖੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ ਗਿਆ

**21.02.2019**

ਅੱਜ ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮੂੰਹ ਸਟਾਫ ਅਤੇ ਵਿਦਿਆਰਥੀਆਂ ਨੇ ਬੜੇ ਸ਼ਰਧਾ ਅਤੇ ਚਾਅ ਨਾਲ ਮਨਾਇਆ। ਇਸ ਮੌਕੇ ਤੇ ਸ੍ਰੀਮਤੀ ਬਲਜੀਤ ਕੌਰ ਸਿੰਘਾ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਤੇ ਜੀ. ਐੱਚ. ਜੀ. ਖਾਲਸਾ ਗਵਰਨਿੰਗ ਕੌਂਸਲ ਦੇ ਡਾਇਰੈਕਟਰ, ਜਨਰਲ ਇਕਬਾਲ ਸਿੰਘ ਸਿੰਘਾ, ਰਜਿਸਟਰਾਰ ਡਾ. ਐੱਚ. ਐੱਸ. ਬਰਾੜ, ਕਾਲਜ ਦੇ ਪ੍ਰਿੰਸੀਪਲ ਡਾ. ਸਰਬਜੀਤ ਕੌਰ ਰਾਣੂ, ਸਮੂੰਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਦੇਹ ਸ਼ਿਵਾ ਵਰ ਮੋਹਿ ਇਹੈ....ਸ਼ਬਦ ਨਾਲ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਅਤੇ ਪੰਜਾਬੀ ਵਿਭਾਗ ਵਲੋਂ ਮੁੱਖ ਮਹਿਮਾਨ ਜੀ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ ਗਿਆ। ਇਸ ਮਗਰੋਂ ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਰਸਮੀ ਤੌਰ ੇਤੇ ਮੁੱਖ ਮਹਿਮਾਨ ਸਾਹਿਬ ਨੂੰ ੇਜੀ ਆਇਆਂ ੇ ਕਿਹਾ। ਆਪਣੇ ਰਸਮੀ ਭਾਸ਼ਣ ਵਿੱਚ ਡਾ. ਸਰਬਜੀਤ ਕੌਰ ਜੀ ਨੇ ਮਾਂ ਬੋਲੀ ਪੰਜਾਬੀ ਭਾਸ਼ਾ ਵਿੱਚ ਆ ਰਹੇ ਨਿਘਾਰ ਬਾਰੇ ਅਤੇ ਮਾਂ ਬੋਲੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਮਾਂ ਬੋਲੀ ਦੀ ਮਹੱਤਤਾ ਨੂੰ ਦਰਸਾ ਰਹੇ ਸਮੁੱਚੇ ਪ੍ਰੋਗਰਾਮ ਵਿੱਚ ਮੰਚ ਦਾ ਸੰਚਾਲਨ ਕਾਲਜ ਦੀ ਵਿਦਿਆਰਥਣ ਰਮਨਦੀਪ ਕੌਰ ਵਲੋਂ ਕੀਤਾ ਗਿਆ। ਬੀ. ਐੱਡ. ਅਤੇ ਐੱਮ. ਐੱਡ ਦੇ ਵਿਦਿਆਰਥੀਆਂ ਵਲੋਂ ਇਸ ਮੌਕੇ ਤੇ ਮਾਂ-ਬੋਲੀ ਸੰਬੰਧਿਤ ਕਵਿਤਾ, ਲੋਕ ਗੀਤ, ਸਿੱਠਣੀਆਂ, ਬੁਝਾਰਤਾਂ, ਭਾਸ਼ਣ, ਲੇਖ ਆਦਿ ਪੇਸ਼ ਕੀਤੇ ਗਏ।

ਸ੍ਰੀਮਤੀ ਬਲਜੀਤ ਕੌਰ ਜੀ ਨੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਕਿਹਾ ਕਿ ਪੰਜਾਬੀ ਕਦੇ ਵੀ ਨਾ ਮਰਨ ਵਾਲੀ ਭਾਸ਼ਾ ਹੈ ਕਿਉਂਕਿ ਇਹ ਸਾਡੇ ਹੱਡਾਂ ੇਚ ਰਚੀ ਹੋਈ ਹੈ, ਪੰਜਾਬੀ ਨੂੰ ਮਾਰਨ ਵਾਲੇ ਮਰ ਜਾਣਗੇ ਪਰ ਪੰਜਾਬੀ ਕਦੇ ਨਹੀਂ ਮਰੇਗੀ। ਅਖੀਰ ਵਿੱਚ ਪ੍ਰੋਫੈਸਰ ਰੁਪਿੰਦਰਜੀਤ ਕੌਰ ਜੀ ਨੇ ਮੁੱਖ ਮਹਿਮਾਨਾ ਦਾ ਧੰਨਵਾਦ ਕੀਤਾ।


ਅੰਤਰ - ਰਾਸ਼ਟਰੀ
ਮਾਂ - ਬੋਲੀ ਦਿਵਸ
GURUSAR SADHAR

# ਮਿਤੀ

# 27-03-2019

# ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ ਜਲ੍ਹਿਆਂ ਵਾਲੇ ਬਾਗ਼ ਦਾ ਸੌਵਾਂ ਸਾਕਾ ਮਨਾਇਆ

**27.03.2019**

ਅੱਜ ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਿਕ ਜਲ੍ਹਿਆਂ ਵਾਲੇ ਬਾਗ਼ ਦਾ ਸੌਵਾਂ ਸਾਕਾ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੇ ਬੜੀ ਸ਼ਰਧਾ ਨਾਲ ਮਨਾਇਆ। ਇਸ ਮੌਕੇ ਤੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਿਲ ਹੋ ਕੇ ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਬਾਅਦ ਕਾਲਜ ਦੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਨੂੰ ਸਮਰਪਿਤ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਰਾਸ਼ਟਰੀ ਏਕਤਾ ਨਾਲ ਸੰਬੰਧਿਤ ਸਮੂੰਹ ਗਾਇਨ, ਸਕਿੱਟ, ਸੋਲੋ ਐੱਕਟ, ਕਵਿਤਾ, ਗੀਤ, ਆਦਿ ਪੇਸ਼ ਕੀਤੇ ਗਏ।

## 2017-18 ਦੌਰਾਨ ਸਾਂਝੇ ਤੌਰ 'ਤੇ (ਕਿਸੇ ਵਿਭਾਗ ਨਾਲ ਮਿਲ ਕੇ)

## ਜਾਂ ਇਕਹਰੇ ਪੱਧਰ 'ਤੇ

## ਪੰਜਾਬੀ ਸਾਹਿਤ ਸਭਾ,

# ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ ਵਲੋਂ

# ਕਰਵਾਈਆਂ ਗਤੀਵਿਧੀਆਂ

## ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ -

**ਡਾ. ਜਗਜੀਤ ਸਿੰਘ ਅਤੇ ਪ੍ਰੋ. ਰੁਪਿੰਦਰਜੀਤ ਕੌਰ**

**ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਸਹਿਬਾਨ - ਡਾ. ਜਗਜੀਤ ਸਿੰਘ**

**ਪੰਜਾਬੀ ਸਾਹਿਤ ਸਭਾ ਦੇ ਹੋਰ ਮੈਂਬਰ-**

**ਸਰਪ੍ਰਸਤ** **ਡਾ. ਜਗਜੀਤ ਸਿੰਘ**

| | |
|---|---|
| ਪ੍ਰਧਾਨ | ਮਨਜੀਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 98 |
| ਮੀਤ ਪ੍ਰਧਾਨ | ਮਨਦੀਪ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 100 |
| ਜਰਨਲ ਸਕੱਤਰ | ਪ੍ਰਭਜੋਤ ਕੌਰ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 79 |
| ਪ੍ਰੈੱਸ ਸਕੱਤਰ | ਤਜਿੰਦਰ ਸਿੰਘ, ਬੀ. ਐੱਡ. ਸਮੈਸਟਰ ਪਹਿਲਾ, ਰੋਲ ਨੰਬਰ 91 |
| ਮੈਂਬਰ | ਪੰਜਾਬੀ ਅਧਿਆਪਨ ਪੜ੍ਹਨ ਵਾਲੇ ਸਾਰੇ ਵਿਦਿਆਰਥੀ |

# ਪੰਜਾਬੀ ਸਾਹਿਤ ਸਭਾ ਦੇ ਉਦੇਸ਼

1) ਪੰਜਾਬੀ ਸਾਹਿਤ ਸਭਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਵੱਧ ਤੋਂ ਵੱਧ ਵਿਕਾਸ ਕਰਨ ਲਈ ਪੰਜਾਬੀ ਵਿੱਚ ਸਾਹਿਤ ਰੁਚੀ ਵਿੱਚ ਰੱਖਣ ਵਾਲੇ ਸਕੂਲੀ ਅਤੇ ਕਾਲਜ ਦੇ ਵਿਦਿਆਰਥੀ, ਪੰਜਾਬੀ ਸਾਹਿਤ ਦੇ ਭਵਿੱਖ ਨਿਰਮਾਤਾ ਅਤੇ ਨਵੇਂ ਪੁੰਗਰ ਰਹੇ ਲੇਖਕਾਂ ਨੂੰ ਸਾਹਿਤ ਦੀ ਹਰ ਵਿਧਾ ਬਾਰੇ ਯੋਗ ਤੇ ਸਾਰਥਕ ਸੇਧ ਦੇਣੀ ਹੈ।
2) ਵਿਦਿਆਰਥੀਆਂ ਦੀ ਹੱਥ ਲਿਖਤ ਨੂੰ ਸੁਲੇਖ ਮੁਕਾਬਲੇ ਦੁਆਰਾ ਨਿਖਾਰਨਾ।

3) ਵਿਦਿਆਰਥੀਆਂ ਦੀਆਂ ਸਾਹਿਤਿਕ ਉਪਲੱਬਧੀਆਂ 'ਤੇ ਕਿਤਾਬਾਂ ਆਦਿ ਇਨਾਮ ਦੇ ਤੌਰ 'ਤੇ ਦੇਣੀਆਂ।

4) ਵੱਖ ਵੱਖ ਕਾਲਜ ਅਤੇ ਯੂਨੀਵਰਸਿਟੀਆਂ ਤੋਂ ਆਪਣੇ ਵਿਸ਼ੇ ਦੇ ਮਾਹਰ (ਜਿਵੇਂ ਪੰਜਾਬੀ ਭਾਸ਼ਾ, ਧਰਮ ਆਦਿ ) ਤੋਂ ਵਿਸ਼ੇਸ਼ ਲੈਕਚਰ ਕਰਵਾਉਣੇ।

| ਲੜੀ ਨੰਬਰ | ਮਿਤੀ | ਗਤੀਵਿਧੀਆਂ |
|---|---|---|
| 1 | 21-02-2018 | ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ ਗਿਆ |
| 2 | 28-02-2018 | ਸ਼ਬਦ ਗਾਇਨ ਦੀ ਤਿਆਰੀ ਕਰਵਾਈ |

# ਮਿਤੀ

# 21-02-2018


MaatBhashaDiwas- February 21, 2018
S. SatinderpalSimghSidhwan, Director, Punjabi Lehran[Radio & Television], Canada
S. Jasmer Singh Dhatt- Chairman, Miss World Punjaban Contest



# ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਮਨਾਇਆ ਗਿਆ

**21.02.2018**

ਅੱਜ ਜੀ. ਐੱਚ. ਜੀ. ਖਾਲਸਾ ਕਾਲਜ ਆਫ਼ ਐਜੁਕੇਸ਼ਨ, ਗੁਰੂਸਰ ਸੁਧਾਰ ਵਿਖੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮੂੰਹ ਸਟਾਫ ਅਤੇ ਵਿਦਿਆਰਥੀਆਂ ਨੇ ਬੜੇ ਸ਼ਰਧਾ ਅਤੇ ਚਾਅ ਨਾਲ ਮਨਾਇਆ। ਇਸ ਮੌਕੇ 'ਤੇ ਪੰਜਾਬੀ ਲਹਿਰਾਂ ਰੇਡੀਓ ਅਤੇ ਟੀ. ਵੀ. ਦੇ ਸੰਚਾਲਕ ਸ. ਸਤਿੰਦਰਪਾਲ ਸਿੰਘ ਸਿੱਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨਾਲ ਮਿਸ ਵਰਡ ਪੰਜਾਬਣ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ ਵੀ ਹਾਜਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਦੇਹ ਸ਼ਿਵਾ ਵਰ ਮੋਹਿ ਇਹੈ....ਸ਼ਬਦ ਨਾਲ ਕੀਤੀ ਗਈ। ਇਸ ਮਗਰੋਂ ਕਾਲਜ ਦੇ ਪ੍ਰਿੰਸੀਪਲ ਡਾ. ਸਰਬਜੀਤ ਕੌਰ ਰਾਣੂ ਜੀ ਨੇ ਮੁੱਖ ਮਹਿਮਾਨ ਜੀ ਦਾ ਫੁੱਲਾਂ ਦੇ ਗੁਲਦਸਤੇ ਨਾਲ ਨਿੱਘਾ ਸਵਾਗਤ ਕੀਤਾ। ਕਾਲਜ ਦੇ ਸਹਾਇਕ ਪ੍ਰੋਫ਼ੈਸਰ ਡਾ. ਜਗਜੀਤ ਸਿੰਘ ਨੇ ਰਸਮੀ ਤੌਰ 'ਤੇ ਮੁੱਖ ਮਹਿਮਾਨ ਸਾਹਿਬ ਨੂੰ 'ਜੀ ਆਇਆਂ' ਕਿਹਾ। ਇਹ ਸਾਰਾ ਪ੍ਰੋਗਰਾਮ ਦੋ ਪੜਾਵਾਂ ਵਿੱਚ ਕਰਵਾਇਆ ਗਿਆ। ਪਹਿਲੇ ਪੜਾਅ ਵਿੱਚ ਕਾਲਜ ਵਲੋਂ ਮਾਂ-ਬੋਲੀ ਸੰਬੰਧਿਤ ਕਵਿਤਾ, ਲੋਕ ਗੀਤ, ਭਾਸ਼ਣ ਅਤੇ ਲੇਖ ਮੁਕਾਬਲੇ ਕਰਵਾਏ ਗਏ।

ਦੂਜੇ ਪੜਾਅ ਵਿੱਚ ਸ. ਸਤਿੰਦਰਪਾਲ ਸਿੰਘ ਸਿੱਧਵਾਂ ਨੇ ਮਾਂ ਬੋਲੀ ਪੰਜਾਬੀ ਭਾਸ਼ਾ ਵਿੱਚ ਆ ਰਹੇ ਨਿਘਾਰ ਬਾਰੇ ਅਤੇ ਮਾਂ ਬੋਲੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਕਿਹਾ ਕਿ ਪੰਜਾਬੀ ਕਦੇ ਵੀ ਨਾ ਮਰਨ ਵਾਲੀ ਭਾਸ਼ਾ ਹੈ ਕਿਉਂਕਿ ਇਹ ਸਾਡੇ ਹੱਡਾਂ ੋਚ ਰਚੀ ਹੋਈ ਹੈ, ਪੰਜਾਬੀ ਨੂੰ ਮਾਰਨ ਵਾਲੇ ਮਰ ਜਾਣਗੇ ਪਰ ਪੰਜਾਬੀ ਕਦੇ ਨਹੀਂ ਮਰੇਗੀ। ਅਖੀਰ ਵਿੱਚ ਪ੍ਰੋਫੈਸਰ ਰੁਪਿੰਦਰਜੀਤ ਕੌਰ ਜੀ ਨੇ ਮੁੱਖ ਮਹਿਮਾਨ ਜੀ ਦਾ ਧੰਨਵਾਦ ਕੀਤਾ।

## ਸਰਦਾਰ ਬਖਤਾਵਰ ਸਿੰਘ ਗਿੱਲ ਯਾਦਗਾਰੀ ਦਿਵਸ

**(28 ਫਰਵਰੀ, 2018)**

**ਜੀ.ਐਚ.ਜੀ. ਖਾਲਸਾ ਵਿਦਿਅਕ ਸੰਸਥਾਵਾਂ ਦੇ ਬਾਨੀ ਸ.ਬਖਤਾਵਰ ਸਿੰਘ ਗਿੱਲ ਜੀ ਦੀ ਯਾਦ ਵਿੱਚ ਸਾਂਝੇ ਤੌਰ ਤੇ ਜੀ.ਐਚ.ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ ਐਜੂਕੇਸ਼ਨ, ਜੀ.ਐਚ.ਜੀ. ਐੱਚ. ਜੀ. ਖ਼ਾਲਸਾ (ਡਿਗਰੀ )ਕਾਲਜ ਅਤੇ ਜੀ.ਐਚ.ਜੀ. ਐੱਚ. ਜੀ. ਖ਼ਾਲਸਾ ਕਾਲਜ ਆਫ ਫਾਰਮੈਸੀ ਦੇ ਸਹਿਯੋਗ ਨਾਲ ਇੱਕ ਅੰਤਰ ਕਾਲਜ ਸ਼ਬਦ ਗਾਇਨ ਮੁਕਾਬਲਾ ਕਰਵਾਇਆ ਗਿਆ। 28 ਫਰਵਰੀ, 2018 ਨੂੰ ਖਾਲਸਾ ਕਾਲਜ ਵਿਖੇ ਹੋਏ ਸਮਾਗਮ ਦੇ ਮੁੱਖ ਮਹਿਮਾਨ ਡਾ.ਹਰਪਾਲ ਸਿੰਘ ਪੰਨੂੰ, ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਪਰਮਾਤਮਾ ਵਿੱਚ ਵਿਸ਼ਵਾਸ ਰੱਖਣ ਲਈ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।**


SardarBakhtawar Singh Gill Memorial
Day- February